# ਸੂਹਾ ਗੁਲਾਬ

(ਕਾਵਿ-ਸੰਗ੍ਰਹਿ)

ਕੁਲਵੰਤ ਜਗਰਾਉਂ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

## ਮੁਹੱਬਤ ਦੀ ਖ਼ੁਸ਼ਬੂ


ਮੁਹੱਬਤ ਦਾ ਕ੍ਰਿਸ਼ਮਾ....................179
ਜੋ ਮਰਜ਼ੀ ਫ਼ੈਸਲਾ ਕਰ....................180
ਜਾਣ ਵਾਲੇ !....................181
ਦਿਲ ਦੀ ਆਵਾਜ਼....................183
ਤੇਰੇ ਮੋਹ ਦੀ ਲ਼ੀਲਾ....................184
ਮੁਹੱਬਤ ਦਾ ਰਿਸ਼ਤਾ....................185
ਤੂੰ ਤੇ ਮੈਂ....................186
ਤੂੰ ਨਹੀਂ ਆਈ....................187
ਪੱਥਰ ਦਾ ਟੁਕੜਾ....................188
ਹੋਰਾਂ ਦੀ ਬੇਵਫ਼ਾਈ ਦੇ....................189
ਤੇਰੀ ਛੁਹ....................190
ਤਮੰਨਾਂ....................191
ਜਨਮ ਦਿਨ ਦੀ ਸੌਗਾਤ....................192
ਅੰਮ੍ਰਿਤਫਲ....................193
ਟੁੱਟਿਆ ਸੁਪਨਾਂ....................194
ਤੇਰੀਆਂ ਕਵਿਤਾਵਾਂ....................196
ਅਲਵਿਦਾ ਕਹਿਣ ਤੋਂ ਪਹਿਲਾਂ....................198
ਅਮੀਨਾ ਤੋਂ ਵਿਦਾ ਹੋਣ ਵੇਲੇ....................199
ਲੋਹੜੀ....................203
ਫੁੱਲ....................204
ਰੂਹ ਦਾ ਚਸ਼ਮਾਂ....................206
ਮੈਂ ਜ਼ਰੂਰ ਆਵਾਂਗਾ !....................208
ਤੇਰੇ ਅੱਖਰ....................210
ਰੇਸ਼ਮ ਦੀ ਤੰਦ....................211
ਮੇਰੀ ਸ਼ਾਇਰੀ....................213
ਇੰਤਜ਼ਾਰ....................214
ਆਖ਼ਰੀ ਖ਼ਤ....................216
ਤਿੜਕਿਆ ਸ਼ੀਸ਼ਾ....................218
ਵਿਸ਼ਵਾਸ....................219
ਐ ਦਿਲਾ !....................220
ਮੌਸਮ....................221
ਆਪਣੇ ਸਿਵੇ ਦਾ ਬਾਲਣ....................222
ਬਸ ਇਕ ਵਾਰ....................223
ਵਿਦਾਇਗੀ ਬੋਲ....................224
ਮਨ ਦਾ ਸ਼ੀਸ਼ਾ....................226
ਅੰਤਰ....................226
ਰੂਹ ਦਾ ਟੋਟਾ....................227
ਸਮਰਪਿਤ....................227
ਮੌਤ-ਹਨੇਰ....................229
ਬਿਰਹੋਂ ਦੇ ਛਾਲੇ....................230
ਇਸ਼ਕ....................231
ਸਾਨੂੰ ਬਿਰਹੋਂ ਨਾਗਨ ਰੋਜ਼ ਲੜੀ....................232
ਹੂਕ....................233
ਮੁੰਦਰਾਂ....................234
ਤੇਰੇ ਬਾਝੋਂ, ਤੇਰੇ ਸਦਕੇ....................239
ਮਧੁਰ-ਯਾਦ....................240
ਫੁੱਲ ਕੰਵਲ ਦੇ....................241
ਫੁੱਲ ਤੇ ਮੈਂ....................242
ਜੋਗ ਕਮਾਈ....................243
ਔਖੀ ਜੂਨੀ....................244
ਅਧੂਰਾ ਸਫ਼ਰ....................245
ਕੀ ਲੈਣੈਂ....................246

ਸਾਨੂੰ ਆ ਗਈ ਲੈਣ ਬਹਾਰ ਸੱਜਣ..247
ਸੱਧਰ................................248
ਸੁੱਚਾ ਮੰਦਰ ਪ੍ਰੀਤ ਦਾ..............249
ਪੁਕਾਰ..............................250
ਅਲਵਿਦਾ !........................251
ਸੁਨੇਹਾ.............................254
ਫੁੱਲ ਨੂੰ !...........................257
ਹਿਜਰ-ਵਸਲ......................259
ਮਹਿਕਦੇ ਪਲਾਂ ਦੇ ਨਾਂ.............260
ਦਿਲ ਦੀ ਪੀੜਾ.....................260
ਸੁਲਗਦੇ ਪਲ.......................264
ਤੇਰੇ ਬਗ਼ੈਰ.........................265
ਦੁਖਾਂਤ............................266
ਹਾਦਸਾ...........................267
ਕੈਂਸਰ..............................269
ਰਿਸ਼ਤੇ ਕਿੰਨੇ ਬਦਲ ਗਏ ਨੇ.......270
ਸੁਪਨਿਆਂ ਦਾ ਭੇਦ................271
ਮਰਮਰੀ ਬੁੱਤ.......................272
ਸੁਪਨ ਹੰਡਾਇਆ..................273
ਲਹਿਰਾਂ ਦਾ ਜ਼ੁਲਮ................275
ਏਸ ਪੰਧ ਨੂੰ ਕੌਣ ਮੁਕਾਏ ? .........277
ਜੰਗਲ ਤੇ ਯਾਦਾਂ...................280
ਉਹ ਮੁੰਡਾ .........................282


ਗੀਤ


ਸੱਜਣਾ ਵੇ ਮੈਂ ਤੇਰੇ ਬੋਲਾਂ...........284
ਸ਼ਾਮ ਢਲੀ ਹੈ ......................285
ਮਿੱਠੜੇ ਮਿੱਠੜੇ ਬੋਲ................286
ਸੱਜਣਾਂ ਦੂਰ ਵਸੇਂਦਿਆਂ............287
ਤੈਨੂੰ ਗ਼ਜ਼ਲ ਕਹਾਂ ................289
ਝੁਰਦੇ ਰਹਿਣਾ.....................290
ਰਾਤ ਹਨੇਰੀ ਯਾਦ ਤੇਰੀ ਦੀ.......291
ਦਿਲੇ ਦੀਏ ਮਹਿਰਮੇਂ ਨੀਂ..........292
ਹੌਲੇ ਹੌਲੇ ਹਸ ਸੱਜਣਾਂ...........294
ਮੇਰੇ ਸਾਹਾਂ ਵਿਚ ਘੁਲੇ ਤੇਰੇ ਸਾਹ..295
ਗਿਆ ਦਿਨ ਢਲੀ ਸ਼ਾਮ.........296
ਕੋਈ ਸੁੱਖ ਸੁਨੇਹਾਂ ਘੱਲ ਸੱਜਣਾਂ...297
ਇਹ ਕੌਣ ਹੈ ....................298
ਕੁਝ ਪਲ ਦਾ ਸਾਥੀ ............299
ਵੇਖ ਅਸਾਡੀ ਮੰਦੀ ਹਾਲਤ......300
ਝੱਲਿਆ ਨਾ ਜਾਂਦਾ ਸੀ..........301
ਸੱਜਣਾਂ ਵੇ ! ....................303
ਤੂੰ ਕਿਉਂ ਰਹੇਂ ਉਦਾਸ............304
ਪੀੜਾਂ ਦੇ ਪਿੰਜਰੇ ................305
ਸਾਡੀ ਪੁੱਗਦੀ ਨਾਹੀਂ ...........306
ਰਿਮਝਿਮ ਰਿਮ ਝਿਮ ............307
ਦਾਗ ਹਿਜ਼ਰ ਦੇ .................308
ਵਰਿਆਂ ਪਿੱਛੋਂ ..................309
ਬਹੁਤ ਛੁਪਾਇਆ ਪਰ ਨਾ ਛਿਪਿਆ....310
ਤੂੰ ਕਿਸੇ ਬਹਾਨੇ.........................311
ਤੇਰੇ ਸੀਨੇ ਛਲਕੇ........................312
ਸੱਜਣਾਂ ਵੇ ............................313

# ਮੁਹੱਬਤ ਦੀ ਖ਼ੁਸ਼ਬੋ

## ਬੇਨਾਮ ਰਿਸ਼ਤਾ

ਤੇਰੇ ਆਪਣੇ, ਰਿਸ਼ਤੇ ਨੂੰ ਮੈਂ
ਕੀ ਨਾਂਅ ਦੇਵਾਂ
ਇਸ ਰਿਸ਼ਤੇ ਦਾ
ਨਾਂਅ, ਨਾ ਕੋਈ
ਇਹ ਰਿਸ਼ਤਾ ਨਾ
ਸ਼ਬਦਾਂ ਦੇ ਵਿਚ
ਬੰਨਿਆਂ ਜਾਵੇ
ਸ਼ਬਦ ਕੋਈ ਵੀ
ਇਸ ਰਿਸ਼ਤੇ ਦੇ
ਮੇਚ ਨਾ ਆਵੇ
ਨਿਰ ਅੱਖਰ, ਨਿਰ ਸ਼ਬਦ,
ਜੋ ਰਿਸ਼ਤਾ ਤੇਰਾ-ਮੇਰਾ
ਸਭ ਤੋਂ ਵੱਖਰਾ
ਸਭ ਤੋਂ ਨਿਆਰਾ
ਸਭ ਤੋਂ ਪਿਆਰਾ
ਇਹ ਰਿਸ਼ਤਾ ਤਾਂ
ਬਿਨ ਬੋਲੇ
ਅਹਿਸਾਸ ਜਿਹਾ ਹੈ
ਇਹ ਫੁੱਲਾਂ ਦੀ
ਬਾਸ ਜਿਹਾ ਹੈ
ਆਨੰਦ ਮੋਹ
ਧਰਵਾਸ ਜਿਹਾ ਹੈ
ਆਉਂਦੇ-ਜਾਂਦੇ
ਸਵਾਸ ਜਿਹਾ ਹੈ
ਇਹ ਰਿਸ਼ਤਾ ਜੋ

ਤੇਰਾ ਮੇਰਾ
ਤੂਫਾਨਾਂ ਤੇ
ਨ੍ਹੇਰੇ ਵਿਚ ਵੀ
ਮਨ ਵਿਚ ਜਗਦੇ
ਦੀਪ ਜਿਹਾ ਹੈ
ਮਧੁਰ ਮਿਲਣ ਦੇ
ਗੀਤ ਜਿਹਾ ਹੈ
ਕਿੰਝ ਦੱਸਾਂ ਮੈਂ,
ਇਹ ਰਿਸ਼ਤਾ ਤਾਂ
ਬ੍ਰਹਿਮੰਡ ਦੇ
ਸੰਗੀਤ ਜਿਹਾ ਹੈ
ਤੇਰੇ ਆਪਣੇ
ਰਿਸ਼ਤੇ ਨੂੰ ਮੈਂ
ਕੀ ਨਾਂਅ ਦੇਵਾਂ
ਇਸ ਰਿਸ਼ਤੇ ਦਾ
ਨਾਂਅ ਨਾ ਕੋਈ
ਕੀ ਹੋਇਆ ਜੇ
ਲੋਕਾਂ ਦੇ ਵਿਚ
ਇਸ ਰਿਸ਼ਤੇ ਦੀ ਥਾਂ ਨਾ ਕੋਈ
ਪਰ ਮੇਰੇ ਲਈ ਇਸ ਦੇ ਵਰਗਾ
ਨਿੱਘ ਨਾ ਕਿਧਰੇ
ਇਸ ਦੇ ਵਰਗੀ
ਛਾਂ ਨਾ ਕੋਈ
ਤੇਰੇ ਆਪਣੇ ਰਿਸ਼ਤੇ ਨੂੰ ਮੈਂ
ਕੀ ਨਾਂਅ ਦੇਵਾਂ ?

## ਮੁਹੱਬਤ ਦਾ ਕ੍ਰਿਸ਼ਮਾ

ਜਦ ਤੇਰੇ ਹੋਠਾਂ 'ਚੋਂ
ਮਿੱਠੇ ਨਿੱਘੇ ਮੋਹ ਭਰੇ ਸ਼ਬਦਾਂ ਦੀ
ਫੁਹਾਰ ਪੈਂਦੀ ਹੈ
ਤਾਂ ਕਈ ਵਾਰ
ਤੇਰੇ ਵਲ ਵੇਖਦੇ ਵੇਖਦੇ
ਤੇਰਾ ਖਿੜਿਆ ਚਿਹਰਾ
ਸੂਹਾ ਗੁਲਾਬ ਬਣ ਜਾਂਦਾ ਏ
ਕਦੀ ਬਣ ਜਾਂਦਾ ਹੈ ਇਹ ਸਰਘੀ ਦਾ ਸੁਨਹਿਰਾ ਥਾਲ
ਤੇ ਕਦੀ ਪੁੰਨਿਆਂ ਦਾ ਚੰਨ
ਬਣ ਜਾਂਦੀ ਹੈਂ ਤੂੰ ਕਦੀ ਕਲ ਕਲ ਕਰਦੀ ਨਦੀ
ਕਦੀ ਨੀਲੀ ਬਿਲੌਰੀ ਝੀਲ
ਕਦੀ ਚਸ਼ਮਾ, ਕਦੀ ਪਰਬਤ, ਕਦੀ ਸਾਗਰ
ਤੇ ਕਦੀ
ਝਿਲਮਿਲਾਂਦਾ ਤਾਰਿਆਂ ਭਰਿਆ ਅੰਬਰ
ਝਰ ਰਿਹਾ ਹੁੰਦੈ ਤੇਰੇ 'ਚੋਂ ਚਾਨਣ ਤੇ ਸੰਗੀਤ
ਤੂੰ ਖਿੜੀ ਰਾਤ ਰਾਣੀ ਬਣ
ਵੰਡ ਰਹੀ ਹੁੰਦੀ ਏਂ ਮਹਿਕ
ਜਦ ਅਸੀਂ ਇਕ ਦੂਜੇ ਨੂੰ
ਮੋਹ ਨਾਲ ਵੇਖਦੇ ਹਾਂ
ਤਾਂ ਸਾਨੂੰ ਸਾਰਾ ਸੁੰਦਰ ਬ੍ਰਹਿਮੰਡ
ਇਕ ਦੂਜੇ 'ਚੋਂ ਨਜ਼ਰ ਆਉਂਦਾ ਹੈ।

## ਜੋ ਮਰਜ਼ੀ ਫੈਸਲਾ ਕਰ

ਤੇਰੀਆਂ ਤਲੀਆਂ ਤੇ
ਮੇਰੇ ਪੋਟਿਆਂ ਨੇ ਜੋ
ਮੁਹੱਬਤ ਦੇ ਹਰਫ਼ ਲਿਖੇ ਹਨ
ਉਹ ਕਦੇ ਮਿਟਣੇ ਨਹੀਂ
ਮੇਰੇ ਸਾਹਾਂ 'ਚ
ਘੁੱਲ ਚੁੱਕੀ ਹੈ ਜੋ ਤੇਰੇ ਸਾਹਾਂ ਦੀ ਖ਼ੁਸ਼ਬੂ
ਉਹ ਕਦੀ ਜਾਣੀ ਨਹੀਂ
ਉਤਰ ਚੁਕਾ ਹਾਂ ਮੈਂ
ਤੇਰੇ ਨੈਣਾਂ 'ਚੋਂ ਤੇਰੇ ਹਿਰਦੇ ਵਿਚ
ਅਤੇ ਤੂੰ ਪੁੰਨਿਆਂ ਦਾ ਚੰਨ ਬਣ ਕੇ
ਮੇਰੇ ਮਨ ਦੀ ਝੀਲ ਵਿਚ ਉਤਰ ਆਈ ਹੈਂ
ਮੇਰੇ ਪੋਟਿਆਂ 'ਚੋਂ ਆਉਂਦੀ ਰਹੇਗੀ
ਹਮੇਸ਼ਾਂ ਮੈਨੂੰ ਤੇਰੀ ਖ਼ੁਸ਼ਬੂ
ਤੈਨੂੰ ਵੀ ਆਪਣੇ ਹੀ ਜਿਸਮ 'ਚੋਂ ਸਦਾ
ਸੁਣਦੇ ਰਹਿਣਗੇ ਮੇਰੇ ਪਿਆਰ ਦੇ ਬੋਲ
ਏਸੇ ਲਈ ਤਾਂ ਮੈਂ ਆਖਦਾ ਹਾਂ
ਹੁਣ ਤੂੰ ਜੋ ਮਰਜ਼ੀ ਫੈਸਲਾ ਕਰ
ਮੈਨੂੰ ਕੋਈ ਵੀ ਫਰਕ ਨਹੀਂ ਪੈਣਾਂ।

## ਜਾਣ ਵਾਲੇ !

ਜਾਣ ਵਾਲੇ!
ਹੋਰ ਰੁਕ ਜਾ ਦੋ ਘੜੀ
ਨਾਂਹ ਮੈਂ ਤੈਨੂੰ ਸਦਾ ਲਈ ਰੋਕ ਸਕਦਾ ਹਾਂ
ਨਾਂਹ ਤੂੰ ਏਥੇ ਸਦਾ ਲਈ ਠਹਿਰ ਸਕਦਾ ਹੈਂ
ਪਰ ਜੇ ਕੁਝ ਚਿਰ ਹੋਰ
ਮੇਰੇ ਪਾਸ ਰਹਿ ਜਾਵੇਂ
ਮੇਰੀ ਜੋ ਰੂਹ ਪਿਆਸੀ ਹੈ
ਇਸ ਦੀ ਪਿਆਸ ਬੁੱਝ ਜਾਵੇ
ਪਤਾ ਨਹੀਂ ਫਿਰ ਕਦੋਂ ਮੈਨੂੰ
ਤੇਰਾ ਦੀਦਾਰ ਹੋਣਾ ਏਂ
ਸੁਣ ਜਾ ਦਰਦ ਕੁਝ ਮੇਰਾ
ਸੁਣਾ ਜਾ ਬੋਲ ਕੁਝ ਆਪਣੇ
ਤੇਰੇ ਬਿਨ ਮੇਰੀਆਂ ਰੀਝਾਂ
ਦਫ਼ਨ ਸੀਨੇ 'ਚ ਹੋ ਜਾਣੈਂ
ਤੇਰੀ ਸੌਗਾਤ ਵਸਲਾਂ ਦੀ
ਅਜੇ ਰਜ ਕੇ ਨਹੀਂ ਮਾਣੀ
ਠਹਿਰ ਕੇ ਤੂੰ ਚਲਾ ਜਾਵੀਂ।
ਜਾਣ ਵਾਲੇ !
ਜੇ ਕੁਝ ਚਿਰ ਹੋਰ ਰੁੱਕ ਜਾਵੇਂ

ਮੇਰੇ ਵੀਰਾਨ ਜੀਵਨ ਵਿਚ
ਖ਼ੁਸ਼ੀਆਂ ਦਾ, ਮੁਹੱਬਤ ਦਾ
ਹੁਣੇ ਸੂਰਜ ਜੋ ਚੜ੍ਹਿਆ ਹੈ
ਰੂਹ ਰੁਸ਼ਨਾ ਲਵੇ ਮੇਰੀ
ਇਸ ਦੀ ਯਾਦ ਦੀ ਲੋਅ ਹੀ
ਬਾਕੀ ਜ਼ਿੰਦਗੀ ਭਰ ਫਿਰ
ਬਸੰਤੀ ਦੂਧੀਆ ਨਿੱਘੀ
ਸ਼ਿੰਗਰਫੀ ਧੁੱਪ ਜਿਹੀ ਬਣ ਕੇ
ਮੇਰੀ ਹਰ ਸੋਚ ਦੇ ਸੁਪਨੇ 'ਚ
ਮੁਸਕਾਏਗੀ, ਲਿਸ਼ਕੇਗੀ
ਤੇਰੇ ਇਸ ਵਸਲ ਦੀ ਖ਼ੁਸ਼ਬੂ
ਤੇਰੇ ਜਾਣ ਪਿਛੋਂ ਵੀ
ਹਰ ਮੌਸਮ 'ਚ ਆਏਗੀ
ਜਾਣ ਵਾਲੇ!
ਹੋਰ ਰੁੱਕ ਜਾ ਦੋ ਘੜੀ
ਤੇਰੀ ਸੌਗਾਤ ਵਸਲਾਂ ਦੀ
ਅਜੇ ਰੱਜ ਕੇ ਨਹੀਂ ਮਾਣੀਂ
ਠਹਿਰ ਕੇ ਤੂੰ ਚਲਾ ਜਾਵੀਂ

## ਦਿਲ ਦੀ ਆਵਾਜ਼

ਤੇਰੇ ਬਿਨ
ਦੋ ਪਲ ਜੀਣਾ ਵੀ
ਹੁਣ ਮੇਰੇ ਲਈ ਮੁਹਾਲ ਹੁੰਦਾ ਏ
ਪਰ ਤੇਰੇ ਪਾਸ ਬੈਠੇ
ਪਤਾ ਨਹੀਂ ਵਕਤ
ਕਦ ਬੀਤ ਜਾਂਦਾ ਏ
ਬੰਦਸ਼ਾਂ ਮਜ਼ਬੂਰੀਆਂ ਲਾਚਾਰੀਆਂ
ਵਿਚ ਜਕੜਿਆ ਵੀ
ਤੇਰੀ ਮੁਸਕਾਨ ਦਾ ਖਿੱਚਿਆ
ਮੈਂ ਫਿਰ ਤੇਰੇ ਪਾਸ
ਵਾਪਸ ਪਰਤ ਆਉਂਦਾ ਹਾਂ
ਤੇਰੇ ਕੋਲੋਂ ਵਿਦਾ ਹੋਣ ਲਈ
ਕਦੀ ਵੀ ਦਿਲ ਨਹੀਂ ਕਰਦਾ
ਤੇ ਚਾਹੁੰਦਾ ਹਾਂ ਕਿ ਤੂੰ
ਖਿੜਿਆ ਫੁੱਲ ਬਣ ਕੇ
ਮੇਰੇ ਸਾਹਵੇਂ
ਮੇਰੇ ਪਾਸ ਬੈਠੀ ਰਹੇਂ
ਮਾਣਦਾ ਰਹਾਂ ਮੈਂ ਤੇਰੀ
ਮਖਮਲੀ ਚੁੰਬਕੀ ਛੁਹ
ਅਤੇ ਤੇਰੇ ਜਿਸਮ ਦੀ
ਭਿੰਨੀ ਭਿੰਨੀ ਖੁਸ਼ਬੂ
ਨਿਹਾਰਦਾ ਰਹਾਂ ਮੈਂ ਤੈਨੂੰ ਆਪਣੀਆਂ
ਪਿਆਸੀਆਂ ਨਜ਼ਰਾਂ ਦੇ ਨਾਲ
ਸੁਣਦਾ ਰਹਾਂ ਮੈਂ ਤੇਰੇ
ਸੰਗੀਤਮਈ ਕਾਵਿਕ ਬੋਲ।

## ਤੇਰੇ ਮੋਹ ਦੀ ਲੀਲਾ

ਕਦੀ ਕਦੀ ਤੂੰ ਮੈਨੂੰ
ਰਾਧਾ ਰੁਕਮਣੀ
ਮੀਰਾ ਜਿਹੀ ਲਗਦੀ ਹੈਂ
ਆਪਣੇ ਸ਼ਾਮ ਨੂੰ ਲਭਦੀ
ਉਸ ਲਈ ਤੜਪਦੀ
ਤੇ ਉਸ ਦੇ ਗੀਤ ਗਾਉਂਦੀ
ਉਸ ਨੂੰ ਆਪਣੇ ਅੱਖਰਾਂ ਦੇ
ਕਬੂਤਰਾਂ ਹੱਥ ਸੁਨੇਹੇਂ ਘਲਦੀ
ਪਰ ਜਦ ਤੇਰਾ ਸ਼ਾਮ
ਜਨਮਾਂ ਜਨਮਾਂ ਤੋਂ ਤੇਰੇ ਲਈ ਭਟਕਦਾ
ਤੇਰੇ ਮੋਹ ਦਾ ਪਿਆਸਾ
ਤੇਰੇ ਪਾਸ ਆਉਂਦਾ ਹੈ
ਤਾਂ ਤੂੰ ਵਸਲ ਦਾ
ਇਕ ਘੁੱਟ ਪਿਲਾਏ ਬਿਨਾਂ ਹੀ
ਉਸ ਨੂੰ ਵਾਪਸ ਮੋੜ ਦੇਂਦੀ ਹੈਂ
ਤੇਰੇ ਮੋਹ ਦੀ ਵੀ ਅਜੀਬ ਲੀਲਾ ਹੈ।

## ਮੁਹੱਬਤ ਦਾ ਰਿਸ਼ਤਾ

ਤੂੰ ਜੋ ਆਪਣੇ ਮਨ ਦੇ ਕੈਨਵਸ ਤੇ
ਸ਼ੋਖ ਰੰਗਾਂ ਦੇ ਕੁਝ ਚਿਤਰਾਂ ਨੂੰ ਸਜਾਇਆ ਹੈ
ਉਹਨਾਂ 'ਚੋਂ ਕਿਸੇ ਨੂੰ ਵੀ ਪੁੱਛ ਕੇ ਤਾਂ ਵੇਖ
ਜ਼ਿੰਦਗੀ ਦੇ ਸਫਰ ਵਿਚ ਆਖਿਰ ਤਕ
ਤੇਰੇ ਸਾਥ ਕੌਣ ਹੋਵੇਗਾ
ਜਦ ਕਦੀ ਵੀ ਲੂ ਚਲੀ
ਤੇਜ਼ ਗਰਮੀ 'ਚ ਉਹਨਾਂ ਅਲੋਪ ਹੋ ਜਾਣੈ
ਵਰ੍ਹਦੀ ਅੱਗ ਵਿਚ,
ਉਹਨਾਂ 'ਚੋਂ ਕਿਸੇ ਵੀ ਤੇਰੇ ਪਾਸ ਨਹੀਂ ਰਹਿਣਾ
ਮੀਂਹ ਝੱਖੜ ਹਨੇਰੀ ਵਿਚ
ਉਹਨਾਂ ਸਭਨਾਂ ਨੇ ਖੁਰ ਜਾਣੈ
ਧੁੰਦ ਪਾਲੇ 'ਚ ਠਰਦੀ ਛੱਡ ਕੇ ਤੈਨੂੰ
ਉਹਨਾਂ ਮਾਰ ਕੇ ਬੁੱਕਲ, ਪਾਸਾ ਵੱਟ ਕੇ ਤੁਰ ਜਾਣੈ
ਪਰ ਤੇਰੇ ਨਾਲ, ਹਰ ਹਾਲਤ ਹਰ ਮੌਸਮ 'ਚ
ਤੇਰੇ ਵਲੋਂ ਆਪਣੇ ਮਨ ਦੀ ਨੁੱਕਰ ਵਿਚ
ਪਰ੍ਹਾਂ ਸੁਟਿਆ, ਮੱਧਮ ਜਿਹਾ
ਮੇਰਾ ਤੇ ਇਕ ਮੇਰਾ ਹੀ ਅਕਸ ਹੋਵੇਗਾ
ਤੂੰ ਜਦ ਵੀ ਇਸ ਨੂੰ
ਆਪਣਾ ਕੋਈ ਦੁੱਖ ਸੁਣਾਏਂਗੀ
ਹਮਦਰਦੀ ਦੇ ਦੋ ਬੋਲ ਚਾਹੇਂਗੀ
ਕਿਸੇ ਕੁਰਬਾਨੀ ਲਈ ਆਖੇਂਗੀ
ਤਾਂ ਮੈਂ ਓਸੇ ਘੜੀ ਤੇਰੇ ਪਾਸ ਹੋਵਾਂਗਾ
ਤੇਰਾ ਮੇਰਾ ਰਿਸ਼ਤਾ ਨਿਰਾ ਜਿਸਮਾਂ ਦਾ ਨਹੀਂ
ਇਹ ਮੁਹੱਬਤ ਦਾ ਰਿਸ਼ਤਾ ਹੈ
ਜੋ ਕਦੀ ਵੀ ਟੁੱਟ ਨਹੀਂ ਸਕਦਾ।

## ਤੂੰ ਤੇ ਮੈਂ

ਤੂੰ ਤੇ ਮੈਂ
ਭਟਕ ਰਹੇ ਸਾਂ
ਜਨਮਾਂ ਜਨਮਾਂ ਤੋਂ
ਇਕ ਦੂਜੇ ਦੀ ਤਲਾਸ਼ ਵਿਚ
ਮੈਂ ਤੇਰੇ ਬਿਨ ਅਧੂਰਾ ਸੀ
ਤੂੰ ਮੇਰੇ ਬਿਨ ਅਪੂਰਨ ਸੀ
ਸ਼ਾਇਦ ਸਦੀਆਂ ਪਹਿਲਾਂ
ਇਕ ਦੂਜੇ ਦੇ ਮੋਹ ਵਿਚ ਗੁਆਚੇ
ਹੋ ਗਏ ਸਾਂ ਅਸੀਂ
ਕਿਸੇ ਦਰਵਾਸਾ ਜਿਹੇ ਰਿਸ਼ੀ ਦੀ
ਕਰੋਪੀ ਦਾ ਸ਼ਿਕਾਰ
ਜਿਸ ਦੇ ਦਿਤਾ ਸੀ ਸਾਨੂੰ
ਵਿਛੋੜੇ ਦਾ ਸਰਾਪ
ਜਾਪਦੈ ਹੁਣ ਦੁਬਾਰਾ ਮਿਲੇ ਹਾਂ ਅਸੀਂ
ਫਿਰ ਕਈ ਜਨਮਾਂ ਦੇ ਬਾਅਦ
ਆ ਰਵਾਇਤਾਂ ਤੋੜ ਕੇ ਦੋਵੇਂ ਅਸੀਂ
ਖ਼ਤਮ ਕਰੀਏ, ਬਿਰਹੋਂ ਦਾ ਚੰਦਰਾ ਸਰਾਪ
ਨਹੀਂ ਤਾਂ ਫਿਰ ਹਮੇਸ਼ਾਂ ਹੀ ਭਟਕਦੇ ਰਹਾਂਗੇ।

# ਤੂੰ ਨਹੀਂ ਆਈ

ਤੂੰ ਕੋਈ
ਇਹ ਪਹਿਲੀ ਵਾਰ ਤਾਂ ਨਹੀਂ ਕੀਤਾ
ਇਸ ਵਾਰ ਵੀ ਇਕਰਾਰ ਕਰਕੇ ਤੂੰ ਨਹੀਂ ਆਈ
ਮੈਂ ਤੇਰਾ ਰਾਹ ਵੇਖਦਾ
ਬੜੀ ਦੇਰ ਤਕ
ਕਰਦਾ ਰਿਹਾ ਹਾਂ ਤੇਰੀ ਉਡੀਕ
ਤੇ ਹੁਣ ਜਦ ਪੰਛੀ ਘਰਾਂ ਨੂੰ ਪਰਤ ਚਲੇ ਨੇ
ਤਾਂ ਮੈਂ ਆਪਣੇ ਮੋਏ ਸੁਪਨਿਆਂ ਦੀ ਲਾਸ਼ ਚੁੱਕੀ
ਨਿਰਾਸ਼ਾ ਦੀ ਦਲਦਲ 'ਚ ਗਰਕ ਹੁੰਦਾ ਜਾ ਰਿਹਾ ਹਾਂ
ਸੋਚਿਆ ਸੀ ਤੂੰ ਆਏਂਗੀ
ਕੁਝ ਘੜੀਆਂ ਜਦ ਮਿਲ ਕੇ ਬੈਠਾਂਗੇ
ਤਾਂ ਇਸ ਵਾਰ ਕਹਿ ਹੀ ਦਿਆਂਗਾ ਮੈਂ
ਤੈਨੂੰ ਆਪਣੇ ਦਿਲ ਦੀ ਗਲ
ਗਲ ਜੋ ਬੜੀ ਵਾਰੀ
ਮੇਰੇ ਹੋਠਾਂ ਤੇ ਆ ਕੇ ਰੁੱਕ ਜਾਂਦੀ ਏ
ਸੋਚਿਆ ਸੀ ਰੱਜ ਕੇ ਨਿਹਾਰਾਂਗਾ ਤੈਨੂੰ
ਮੈਂ ਆਪਣੀਆਂ ਨਜ਼ਰਾਂ ਦੇ ਨਾਲ
ਤੇਰਾ ਹੱਥ ਆਪਣੇ ਹੱਥਾਂ 'ਚ ਫੜ
ਸੁਣਾਵਾਂਗਾ ਤੈਨੂੰ ਆਪਣੀਆਂ ਉਹ ਨਜ਼ਮਾਂ
ਜੋ ਤੇਰੇ ਨਾਂ ਮੁਹੱਬਤ ਦੀ ਇਬਾਰਤ ਹਨ
ਨਜ਼ਮਾਂ ਜਿਨ੍ਹਾਂ 'ਚ ਮੇਰਾ ਦਿਲ ਧੜਕਦਾ ਹੈ
ਜਿਨ੍ਹਾਂ 'ਚ ਮੇਰਾ ਦਿਲ ਤੇਰੇ ਲਈ ਤੜਪਦਾ ਹੈ
ਇਹਨਾਂ ਨਜ਼ਮਾਂ ਨੂੰ ਸੁਣ
ਤੂੰ ਮੇਰੇ ਦਿਲ ਦੀ ਗਲ ਆਪੇ ਸਮਝ ਜਾਵੇਂਗੀ
ਐਪਰ ਤੂੰ ਨਹੀਂ ਆਈ
ਮੈਂ ਤੈਨੂੰ ਕਿਵੇਂ ਦਸਾਂ
ਅੱਜ ਤੇਰਾ ਆਉਣਾ ਕਿੰਨਾ ਜ਼ਰੂਰੀ ਸੀ।

## ਪੱਥਰ ਦਾ ਟੁਕੜਾ

ਝਲੀਏ!
ਤੂੰ ਹੀਰੇ ਮੋਤੀ ਭਾਲਦੀ
ਵਿਆਕੁਲ ਹੋਈ ਫਿਰਦੀ ਏਂ
ਪਰ ਮੈਂ ਜਾਣਦਾ ਹਾਂ ਕਿ ਇਹਨਾਂ 'ਚੋਂ
ਕੋਈ ਵੀ ਤੇਰੇ ਹੱਥ ਨਹੀਂ ਆਉਣਾ
ਇਹਨਾਂ ਨੇ ਤਾਂ
ਸ਼ਗਨਾਂ ਦੇ ਗਹਿਣਿਆਂ ਦਾ ਸ਼ਿੰਗਾਰ ਬਣ ਜਾਣੈ
ਕਿਸੇ ਵੀ ਤੇਰੀ ਆਰਸੀ ਦਾ ਨੱਗ ਨਹੀਂ ਬਨਣਾ
ਮੈਂ ਕੋਈ ਨਗੀਨਾ ਨਹੀਂ
ਟੁੱਟਿਆ ਇਕ ਪੱਥਰ ਦਾ ਟੁੱਕੜਾ ਹਾਂ
ਜਿਸ ਨੂੰ ਕਦੀ ਤੂੰ ਫੜਦੀ
ਤੇ ਕਦੀ ਸੁੱਟ ਦੇਂਦੀ ਹੈਂ
ਤੂੰ ਸੋਚਦੀ ਹੈਂ
ਪੱਥਰ ਦਾ ਟੁੱਕੜਾ ਜਿਹਾ
ਬੈੱਡਰੂਮ 'ਚ ਕਿਵੇਂ ਸੱਜ ਸਕਦਾ ਏ
ਪਰ ਜੇ ਤੂੰ ਚਾਹੇਂ ਤਾਂ
ਮੈਂ ਤੇਰੇ ਪਿੰਡੇ 'ਤੇ ਪਏ

## ਹੋਰਾਂ ਦੀ ਬੇਵਫਾਈ ਦੇ

ਦਾਗਾਂ ਨੂੰ ਰਗੜ ਕੇ ਉਤਾਰ ਸਕਦਾ ਹਾਂ
ਧੂੜਾਂ ਅੱਟੇ ਰਾਹਾਂ 'ਚ ਤੁਰਦਿਆਂ
ਹੁਣ ਤਾਂ ਤੇਰੀਆਂ ਵੀ ਅੱਡੀਆਂ ਪਾਟ ਗਈਆਂ ਨੇ
ਜੇ ਚਾਹੇਂ ਤਾਂ
ਪੱਥਰ ਦੇ ਟੁਕੜੇ ਨਾਲ ਇਹ ਤੂੰ ਕੂਚ ਸਕਦੀ ਏਂ
ਮੈਂ, ਕੱਪਟੀ ਛਲੀਆ ਕੋਈ ਦੇਵ ਨਹੀਂ
ਜੋ ਤੇਰੀ ਅਰਾਧਨਾਂ ਅਰਚਨਾਂ ਪਿਛੋਂ
ਤੇਰੇ ਰੂਪ ਦਾ ਰਸ ਚੂਸ
ਤੈਨੂੰ ਨਕਾਰ ਦੇਵਾਂਗਾ
ਮੈਂ ਪੱਥਰ ਦਾ ਟੁੱਕੜਾ ਹੀ ਸਹੀ
ਪਰ ਤੇਰੇ ਤੇ ਜੋ ਤੁਹਮਤਾਂ ਇਲਜ਼ਾਮ ਲਾਉਂਦੇ ਨੇ
ਉਹਨਾਂ ਦੇ ਮੂੰਹ ਭੰਨ ਸਕਦਾ ਹਾਂ
ਮੈਂ ਤੇਰੇ ਰਾਹ 'ਚ ਪਿਆ
ਤੇਰੇ ਫੈਸਲੇ ਦੀ ਉਡੀਕ ਕਰਦਾ ਹਾਂ
ਤੂੰ ਜਦੋਂ ਵੀ ਲੋੜ ਸਮਝੇਂ
ਮੈਨੂੰ ਆ ਕੇ ਲੈ ਜਾਵੀਂ
ਮੈਂ ਕੋਈ ਉਜਰ ਨਹੀਂ ਕਰਨਾ।

## ਤੇਰੀ ਛੁਹ

ਤੇਰੀ ਛੁਹ ਵੀ
ਅਜੀਬ ਛੁਹ ਹੈ
ਇਸ ਨੂੰ ਪਾਉਂਦੇ ਹੀ
ਫੁੱਟ ਪੈਂਦੇ ਨੇ
ਮੇਰੇ ਰੂਹ 'ਚੋਂ
ਕਵਿਤਾ ਦੇ ਚਸ਼ਮੇ
ਮੇਰੇ ਤਨ ਮਨ 'ਚ
ਵਗਣ ਲਗਦੀ ਹੈ
ਖ਼ੁਸ਼ੀਆਂ ਦੀ ਨਦੀ
ਹਵਾ ਦੀ ਸਰਸਰਾਹਟ
ਬਣ ਜਾਂਦੀ ਹੈ ਕੋਈ
ਅਗੰਮੀ ਸੰਗੀਤ
ਰੁਸ਼ਨਾਂ ਜਾਂਦਾ ਹਾਂ
ਮੈਂ ਸਾਰੇ ਦਾ ਸਾਰਾ
ਤੇਰੀ ਵੀਣੀ ਤੇ
ਪੋਟੇ ਫੇਰਦੇ ਲਗਦੈ
ਸੁਰ ਕਰ ਰਿਹਾ ਹੋਵਾਂ ਜਿਵੇਂ
ਤੇਰੇ ਤਨ ਮਨ ਦੀ ਸਿਤਾਰ
ਕੂਲੀ ਨਿੱਘੀ ਮਰਮਰੀ, ਛੁਹ ਤੇਰੀ
ਨਸ਼ਿਆ ਦੇਂਦੀ ਹੈ
ਮੇਰੇ ਜਿਸਮ ਦਾ ਕਣਕਣ
ਤੇ ਫਿਰ ਤੈਥੋਂ ਵਿਛੜ ਕੇ ਵੀ ਜਦ
ਤੇਰੀ ਛੁਹ ਯਾਦ ਆਉਂਦੀ ਹੈ
ਤਾਂ ਹੋ ਜਾਂਦਾ ਹਾਂ ਸਵਾਦ ਸਵਾਦ
ਚੜ੍ਹ ਜਾਂਦਾ ਹੈ ਖ਼ੁਮਾਰ
ਤੇਰੀ ਚੁੰਬਕੀ ਛੁਹ ਵੀ
ਅਜੀਬ ਛੁਹ ਹੈ।

## ਤਮੰਨਾਂ

ਮੇਰੀ ਤਮੰਨਾ ਦਾ ਵੀ ਕੋਈ ਅੰਤ ਨਹੀਂ
ਤੇਰੇ ਮਿਲਣ ਲਈ ਹਾਂ ਤਰਸਦਾ ਰਹਿੰਦਾ
ਤੂੰ ਮਿਲੇਂ ਤਾਂ ਮਨ 'ਚ ਹੁੰਦੀ ਹੈ ਖਾਹਿਸ਼
ਤੈਨੂੰ ਨੇੜਿਉਂ, ਹੋਰ ਨੇੜਿਉਂ ਰੱਜ ਕੇ ਵੇਖਣ ਦੀ
ਤੇਰੇ ਬੋਲਾਂ ਨੂੰ ਜੀਅ ਭਾਰ ਕੇ ਮਾਨਣ ਦੀ
ਤੇਰੇ ਵਿਜੋਗ 'ਚ ਆਪਣੀ ਭਟਕਣ
ਤੜਪਣ ਦੀ ਵਿਥਿਆ ਤੈਨੂੰ ਸੁਣਾਵਣ ਦੀ
ਤੇਰੇ ਕਰੀਬ ਅਸਲੋਂ ਕਰੀਬ ਬੈਠਣ ਦੀ
ਤੇ ਫਿਰ ਜਾਗ ਪੈਂਦੀ ਹੈ ਤਮੰਨਾਂ
ਤੇਰੇ ਨੈਣਾਂ'ਚ ਡੁੱਬਣ ਦੀ
ਤੇਰੀ ਕੁਝ ਛੂਹ ਨੂੰ ਪਾਵਣ ਦੀ
ਤੇ ਫਿਰ ਦਿਲ ਕਰਦੈ
ਤੇਰੇ ਸਾਹਾਂ ਦਾ ਸੰਗੀਤ ਸੁਣਦਾ
ਤੇਰੀ ਮੈਂ ਰੂਹ 'ਚ ਘੁੱਲ ਜਾਵਾਂ
ਮੇਰੀ ਤੂੰ ਰੂਹ 'ਚ ਘੁੱਲ ਜਾਵੇਂ
ਨਾ ਤੂੰ, ਤੂੰ ਰਹੇਂ
ਨਾ ਮੈਂ, ਮੈਂ ਰਹਾਂ
ਦੋਵੇਂ ਇਕ ਹੋ ਜਾਈਏ।

## ਜਨਮ ਦਿਨ ਦੀ ਸੌਗਾਤ

ਮੇਰੇ ਜਨਮ ਦਿਨ ਤੇ
ਮੇਰੀ ਮਹਿਬੂਬ ਨੇ ਮੈਨੂੰ ਪੁੱਛਿਆ
ਤੈਨੂੰ ਤੇਰੇ ਜਨਮ ਦਿਨ ਤੇ ਕੀ ਦਿਆਂ
ਮੈਂ ਮੁਸਕਰਾਇਆ
ਨੀਝ ਲਾ ਕੇ ਉਸ ਦਿਆਂ ਨੈਣਾਂ 'ਚ
ਆਪਣਾ ਅਕਸ ਵੇਖਿਆ
ਤੇ ਖੁਸ਼ੀ 'ਚ ਖੀਵਾ ਹੋ ਹੱਸ ਪਿਆ
ਉਸ ਫਿਰ ਕਿਹਾ ਤੂੰ ਬੋਲਦਾ ਕਿਉਂ ਨਹੀਂ
ਆਪਣੀ ਪਸੰਦ ਤਾਂ ਦਸ
ਅੱਜ ਤੂੰ ਜੋ ਕਹੇਂ
ਮੈਂ ਤੈਨੂੰ ਓਹੀ ਦੇ ਦਿਆਂਗੀ
ਫਿਰ ਜਦੋਂ ਮੈਂ ਟਿਕ ਟਿਕੀ ਲਾ
ਉਸ ਦੇ ਚਿਹਰੇ ਵਲ ਵੇਖਿਆ
ਤਾਂ ਉਹ ਮੇਰੀ ਨਜ਼ਰ ਦੀਆਂ ਪੌੜੀਆਂ ਲਹਿ
ਮੇਰੇ ਹਿਰਦੇ ਅੰਦਰ ਲਹਿ ਚੁਕੀ ਸੀ
ਮੈਂ ਉਸ ਦਾ ਹੱਥ ਘੁੱਟ
ਗਲਵੱਕੜੀ 'ਚ ਲੈ ਜਦ ਮੁੜ ਉਸ ਵਲ ਵੇਖਿਆ
ਤਾਂ ਅਸੀਂ ਦੋਵੇਂ ਇਕ ਹੋ ਚੁਕੇ ਸਾਂ
ਮੇਰੇ ਕੋਲ ਮੰਗਣ ਲਈ
ਤੇ ਉਸ ਕੋਲ ਦੇਣ ਲਈ
ਹੁਣ ਕੁਝ ਵੀ ਬਚਿਆ ਨਹੀਂ ਸੀ।

## ਅੰਮ੍ਰਿਤਫਲ

ਕਦੀ ਕਦੀ ਇੰਝ ਵੀ ਹੋ ਜਾਂਦਾ ਏ
ਕਿ ਚੰਨ ਜਿਸ ਲਈ ਤੁਸੀਂ ਰੋਜ਼ ਤੜਪਦੇ ਹੋ
ਜੋ ਤੁਹਾਡੀ ਪਹੁੰਚ ਤੋਂ ਬਹੁਤ ਦੂਰ ਲਗਦਾ ਏ
ਆਪ ਹੀ ਤੁਹਾਡੀਆਂ ਤਲੀਆਂ 'ਚ ਆ ਜਾਂਦਾ ਏ
ਨਿੱਘ ਖੁਸ਼ਬੂ ਤੁਹਾਡੇ ਕਲਾਵੇ 'ਚ ਹੁੰਦੇ ਨੇ
ਤੁਹਾਡੇ ਪਿਆਸੇ ਹੋਠਾਂ ਨੂੰ
ਮਿਲ ਜਾਂਦੇ ਨੇ ਦੂਧੀਆ ਅੰਮ੍ਰਿਤ ਦੇ ਕਟੋਰੇ
ਸਿਰ ਤੋਂ ਪੈਰਾਂ ਤੀਕ ਲਰਜ਼ ਜਾਂਦੇ ਹੋ ਤੁਸੀਂ
ਛਿੜ ਜਾਂਦੀ ਏ
ਤੁਹਾਡੇ ਅੰਗ ਅੰਗ ਵਿਚ ਝਰਨਾਹਟ
ਪਿਘਲਾ ਦੇਂਦੀ ਹੈ ਤੁਹਾਡੇ ਮੋਹ ਦੀ ਤਪਸ਼
ਬੁੱਤ ਪੱਥਰ ਦਾ
ਭੁੱਲ ਜਾਂਦੇ ਹੋ ਤੁਸੀਂ ਸੁੱਧ ਬੁੱਧ
ਜਦ ਕਬੂਲ ਹੋ ਜਾਂਦੀ ਹੈ ਤੁਹਾਡੀ ਦੁਆ
ਤੇ ਮਿਲ ਜਾਂਦਾ ਹੈ ਤੁਹਾਨੂੰ ਮੁਹੱਬਤ ਦਾ ਅੰਮ੍ਰਿਤ ਫਲ
ਪਰ ਅਜਿਹਾ ਜ਼ਿੰਦਗੀ 'ਚ ਵਾਰ ਵਾਰ ਨਹੀਂ
ਸਿਰਫ ਕਦੀ ਕਦੀ
ਪਿਆਰ ਲਈ ਕੀਤੀ ਇਬਾਦਤ
ਸੰਪੂਰਨ ਹੋ ਜਾਣ ਤੇ ਹੀ ਹੁੰਦਾ ਏ।

## ਟੁੱਟਿਆ ਸੁਪਨਾਂ

ਸੋਚਦਾ ਸਾਂ
ਵਰ੍ਹਿਆਂ ਬਾਅਦ ਜਦ ਉਹ ਵਿਦੇਸ਼ੋਂ ਪਰਤੇਗੀ
ਤਾਂ ਜ਼ਰੂਰ ਮਿਲਣ ਆਏਗੀ
ਉਸ ਨੂੰ ਆਪਣੀਆਂ ਬਾਹਾਂ 'ਚ ਘੁੱਟ ਲਵਾਂਗਾ
ਤੇ ਉਹ ਮੇਰੇ ਸੀਨੇ ਨਾਲ ਲਿਪਟ ਜਾਏਗੀ
ਮੇਰੀ ਅਗਨੀ ਬੁਝਾਏਗੀ
ਉਹ ਮੇਰੀ ਤਿਹ ਮਿਟਾਏਗੀ
ਉਸ ਦੇ ਵਿਯੋਗ 'ਚ ਲਿਖੇ ਗੀਤ
ਮੈਂ ਉਸ ਨੂੰ ਸੁਣਾਵਾਂਗਾ
ਦਿਲ ਆਪਣਾ ਖੋਲ੍ਹ ਕੇ
ਉਸ ਨੂੰ ਵਿਖਾਵਾਂਗਾ
ਆਪਣੀ ਨਿੱਘੀ ਰੇਸ਼ਮੀ ਛੋਹ
ਤੇ ਆਪਣੇ ਸੁੱਚੇ ਮਿੱਠੇ ਮੋਹ ਨਾਲ
ਉਹ ਮੇਰੀ ਹਰ ਪੀੜਾ ਮਿਟਾਏਗੀ
ਆਪਣੀਆਂ ਯਾਦਾਂ
ਆਪਣੀ ਲਾਚਾਰੀ ਦੀ
ਅਣਲਿਖੀ ਗਾਥਾ ਸੁਣਾਏਗੀ
ਅਤੇ ਆਖੇਗੀ
'ਆਪਾਂ ਦੋਵੇਂ ਬਹੁਤ ਸੰਤਾਪ ਭੋਗ ਚੁੱਕੇ ਹਾਂ
ਬੜੇ ਹੀ ਗ਼ਮ ਹੰਢਾਏ ਨੇ
ਤੂੰ ਉਦਾਸ ਨਾ ਹੋ
ਸਰਾਪੇ ਸਮੇਂ ਦਾ ਹੁਣ ਅੰਤ ਹੋਣ ਵਾਲਾ ਹੈ

ਮੈਂ ਤੈਨੂੰ ਲੈਣ ਆਈ ਹਾਂ
ਤੇ ਅਸੀਂ ਹੁਣ ਅਜ਼ਲ ਤੋਂ ਪਹਿਲਾਂ
ਮੁੜ ਕਦੀ ਨਾ ਵਿਛੜਾਂਗੇ'
ਤੇ ਇਸ ਸੁਪਨੇ ਸਦਕੇ ਹੀ ਮੈਂ
ਭੱਖਦੇ ਅੰਗਿਆਰਾਂ ਤੇ ਨਿਰੰਤਰ
ਕਿੰਨੇ ਹੀ ਸਾਲ ਹਰ ਰੋਜ਼
ਜ਼ਿੰਦਗੀ ਦਾ ਸਫਰ ਕੀਤਾ ਸੀ।
ਪਰ ਉਹ ਆਈ
ਆਪਣੇ ਆਉਣ ਦੀ ਖ਼ਬਰ ਤੱਕ ਵੀ ਨਾ ਕੀਤੀ
ਤੇ ਬਿਨ ਮਿਲੇ ਹੀ ਵਾਪਸ ਪਰਤ ਗਈ
ਸ਼ਾਇਦ ਉਸ ਦਾ ਪਹਿਲਾ ਪਿਆਰ
ਉਸ ਦੀਆਂ ਨਜ਼ਰਾਂ ਵਿਚ
ਹੁਣ ਗੁਨਾਹ ਬਣ ਚੁੱਕਾ ਸੀ
ਉਹ ਨਹੀਂ ਸੀ ਚਾਹੁੰਦੀ ਕਿ ਇਸ ਗੁਨਾਹ ਦੀ
ਕਿਸੇ ਨੂੰ ਭਿਨਕ ਪੈ ਜਾਵੇ
ਆਪਣੇ ਟੁੱਟੇ ਸੁਪਨੇ ਦੀਆਂ ਕਿਰਚਾਂ ਚੁਣਦੇ-ਚੁਣਦੇ
ਮੇਰੇ ਪੋਟੇ ਲਹੂ-ਲੁਹਾਨ ਹੋ ਚੁੱਕੇ ਹਨ
ਤੇ ਮੈਂ ਸੋਚਦਾ ਹਾਂ ਕਿ ਮੈਂ
ਕਿੰਨਾ ਗ਼ਲਤ ਸੋਚਦਾ ਸੀ
ਪਰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ
ਸਮਾਂ ਮੋਹ ਨੂੰ ਗੁਨਾਹ ਵਿਚ ਕਿਵੇਂ ਬਦਲ ਦਿੰਦਾ ਹੈ।

## ਤੇਰੀਆਂ ਕਵਿਤਾਵਾਂ

ਤੇਰੀਆਂ ਕਵਿਤਾਵਾਂ ਤਾਂ
ਮੇਰੇ ਲਈ
ਮੁਹੱਬਤ ਦਾ ਪੈਗ਼ਾਮ ਹਨ
ਮਿੱਠੀਆਂ!
ਬਹੁਤ ਮਿੱਠੀਆਂ
ਮੋਹ ਨਿਘ
ਤੇ ਮਹਿਕ ਭਰੀਆਂ
ਸਗਵੀਆਂ ਤੇਰੇ ਜਿਹੀਆਂ
ਪਰ ਕੁਝ
ਉਦਾਸ ਉਦਾਸ
ਹੌਕੇ ਹੰਝੂਆਂ ਭਰੀਆਂ
ਕਿਸੇ ਕੋਇਲ ਦੀ
ਦਰਦ ਭਰੀ
ਕੂ ਕੂ ਵਰਗੀਆਂ
ਜੋ ਗਲ
ਮੈਂ ਚਿਰਾਂ ਤੋਂ
ਤੇਰੇ ਮੂੰਹੋਂ
ਸੁਨਣਾ ਲੋਚਦਾ ਸਾਂ
ਤੇਰੀਆਂ ਕਵਿਤਾਵਾਂ ਚੋਂ ਪੜ੍ਹ
ਬਿਨਾ ਖੰਭਾਂ ਤੋਂ
ਉੱਡਣ ਲਗ ਪਿਆ ਹਾਂ
ਜੋ ਗਲ ਤੂੰ ਏਨੇ ਸਾਲਾਂ ਤੋਂ

ਆਪਣੇ ਸੀਨੇ 'ਚ
ਸਾਂਭ ਰੱਖੀ ਸੀ
ਆਖਰ, ਸ਼ਬਦਾਂ 'ਚ ਢਲ
ਤੇਰੀਆਂ ਕਵਿਤਾਵਾਂ,
ਗੀਤਾਂ ਦਾ ਰੂਪ ਧਾਰ
ਬਾਹਰ ਆਈ ਹੈ
ਲਗਦੈ, ਤੂੰ ਤਾਂ ਆਪ ਹੀ
ਸਾਰੀ ਦੀ ਸਾਰੀ
ਆਪਣੀਆਂ ਕਵਿਤਾਵਾਂ 'ਚ
ਢਲ ਗਈ ਹੈਂ
ਮੈਨੂੰ ਤੇਰੀ ਹਰ ਕਵਿਤਾ ਚੋਂ
ਤੇਰਾ ਚਿਹਰਾ ਨਜ਼ਰ ਆਉਂਦੈ
ਏਸੇ ਲਈ ਤਾਂ
ਤੇਰੇ ਹੱਥਾਂ ਦੀ ਲਿਖੀ
ਹਰ ਕਵਿਤਾ ਦੇ ਅੱਖਰਾਂ ਦੀ ਛੁਹ
ਮੇਰੇ ਤਨ ਮਨ 'ਚ
ਕੰਪਨ ਛੇੜ ਦੇਂਦੀ ਹੈ
ਤੇ ਮੈਂ ਤੇਰੀ ਹਰ ਕਵਿਤਾ ਨੂੰ
ਛਾਤੀ ਨਾਲ ਲਾ ਕੇ
ਜਦ ਚੁੰਮਦਾ ਹਾਂ ਤਾਂ
ਜਾਪਦੈ ਜਿਵੇਂ ਤੈਨੂੰ
ਆਪਣੇ ਕਲਾਵੇ 'ਚ ਲੈ
ਘੁੱਟ ਲਿਆ ਹੋਵੇ।

## ਅਲਵਿਦਾ ਕਹਿਣ ਤੋਂ ਪਹਿਲਾਂ

ਮੇਰੇ ਕੋਲ
ਵਕਤ ਬਹੁਤ ਕਮ ਹੈ
ਸਾਹਾਂ ਦੀ
ਬਹੁਤ ਥੋੜੀ ਪੂੰਜੀ ਬਾਕੀ ਰਹਿ ਗਈ ਹੈ
ਦੁ-ਚਿੱਤੀ ਨੂੰ ਛੱਡ
ਤੇ ਛੇਤੀ ਫੈਸਲਾ ਕਰ
ਕਿਤੇ ਤੇਰੇ ਫੈਸਲੇ ਦੀ
ਉਡੀਕ ਵਿਚ ਮੇਰੇ ਜੀਵਨ ਦੀ
ਖੇਡ ਹੀ ਨਾ ਮੁੱਕ ਜਾਵੇ
ਫਿਰ ਤੂੰ ਮੈਨੂੰ ਵਿਅਰਥ ਢੂੰਡੇਂਗੀ
ਪਰ ਉਦੋਂ ਮੈਂ ਨਹੀਂ ਹੋਣਾ
ਮੇਰੇ ਕੋਲ ਹੁਣ ਸਾਹਾਂ ਦੀ
ਬਹੁਤ ਥੋੜੀ ਪੂੰਜੀ ਰਹਿ ਗਈ ਹੈ
ਆ ਮੇਰੇ ਪਾਸ ਬਹਿ
ਮੇਰੇ ਪਾਸ ਰਹਿ
ਮੈਂ ਜ਼ਿੰਦਗੀ ਨੂੰ
ਅਲਵਿਦਾ ਕਹਿਣ ਤੋਂ ਪਹਿਲਾਂ
ਤੇਰੇ ਨੈਣਾਂ 'ਚ ਡੁੱਬ ਜਾਣਾ ਲੋਚਦਾ ਹਾਂ
ਤੇਰੇ ਸਾਹਾਂ 'ਚ ਘੁੱਲ ਜਾਣਾ ਲੋਚਦਾ ਹਾਂ।

## ਅਮੀਨਾ ਤੋਂ ਵਿਦਾ ਹੋਣ ਵੇਲੇ

ਅਮੀਨਾ!
ਮੇਰੀ ਪਿਆਰੀ ਅਮੀਨਾ
ਆਖਿਰ ਮੇਰੇ ਏਥੋਂ ਚਲੇ ਜਾਣ ਦਾ
ਵਕਤ ਹੁਣ ਆ ਹੀ ਗਿਆ ਹੈ
ਮੈਂ ਤਾਂ ਏਥੇ ਏਨੇ ਸਾਲ
ਤੇਰੇ ਤੇ ਬਸ ਤੇਰੇ ਕਰਕੇ ਹੀ ਠਹਿਰਿਆ ਹਾਂ
ਜੇ ਏਥੇ ਤੂੰ ਨਾ ਹੁੰਦੀ ਤਾਂ ਮੈਂ ਏਥੋਂ
ਬਹੁਤ ਪਹਿਲਾਂ ਕਦੋਂ ਦਾ ਚਲੇ ਜਾਣਾ ਸੀ
ਏਨੇ ਵਰਿਆਂ 'ਚ ਆਪਾਂ
ਇਕ ਦੂਜੇ ਦੇ ਹਿਰਦੇ ਵਿਚ
ਅਨੇਕਾਂ ਵਾਰ ਉਤਰੇ ਹਾਂ
ਇਕ ਦੂਜੇ ਨੂੰ ਬੜਾ ਕੁਝ ਆਖਿਐ, ਸੁਣਿਐ
ਪਰ ਫਿਰ ਵੀ ਬੜਾ ਕੁਝ
ਕਹਿਣ ਵਾਲਾ ਰਹਿ ਗਿਆ ਹੈ
ਆਪਣੇ ਦਿਲ ਦੀ ਇਕੋ ਤੇ ਬਸ ਇਕੋ ਤਮੰਨਾ
ਜੋ ਮੈਂ ਤੈਨੂੰ ਹਜ਼ਾਰਾਂ ਵਾਰ ਦਸਣੀ ਚਾਹੀ
ਕਦੀ ਵੀ ਕਹਿ ਨਹੀਂ ਸਕਿਆ

ਤੇ ਮੈਂ ਜਾਣਦਾ ਹਾਂ ਕਿ ਤੂੰ ਵੀ
ਆਪਣੇ ਮਨ ਦੀ ਵੇਦਨਾਂ ਤਾਈਂ
ਚਾਹੁੰਦੇ ਹੋਏ ਵੀ
ਕਦੀ ਸ਼ਬਦਾਂ ਦਾ ਰੂਪ ਨਹੀਂ ਦਿਤਾ
ਪਰ ਸਭ ਅਣ ਕਿਹਾ ਵੀ ਤਾਂ ਆਪਾਂ
ਇਕ ਦੂਜੇ ਦੇ ਨੈਣਾਂ,
ਹੱਥਾਂ ਦੀ ਛੂਹ 'ਚੋਂ ਪੜ੍ਹ ਲਿਆ ਹੈ
ਮੈਂ ਤੇਰੇ ਗੁਲਾਬ ਵਾਂਗ ਟਹਿਕੇ
ਗੁਲਾਬੀ ਚਿਹਰੇ ਨੂੰ ਵੇਖ
ਖੁਦ ਖਿੜ ਜਾਂਦਾ ਰਿਹਾ ਹਾਂ
ਪਰ ਤੇਰੇ ਉਦਾਸ ਚਿਹਰੇ ਨੂੰ ਵੇਖ
ਤੈਨੂੰ ਤਸੱਲੀ ਦੇਂਦਾ ਖੁੱਦ
ਗਮਾਂ ਦੀ ਡੂੰਘੀ ਖੱਡ ਵਿਚ ਡਿੱਗ ਪੈਂਦਾ ਸਾਂ।
ਅਮੀਨਾ,
ਮੈਂ ਤਾਂ ਤੇਰੀਆਂ ਪੀੜਾਂ
ਤੇਰੇ ਫਿਕਰਾਂ ਦਾ ਸਾਰਾ ਜ਼ਹਿਰ ਖੁਦ ਪੀਣਾ ਲੋਚਦਾ ਸਾਂ
ਪਰ ਤੂੰ ਆਪਣੇ ਜਜ਼ਬਿਆਂ ਦੀ ਬਲੀ ਦੇ ਕੇ
ਮੈਨੂੰ ਕਦੀ ਇਸ ਦੀ ਇਜਾਜ਼ਤ ਹੀ ਨਹੀਂ ਦਿਤੀ
ਤੇਰੇ ਚਿਹਰੇ ਨੂੰ ਜਦ ਮੈਂ ਪਹਿਲੀ ਵਾਰ
ਆਪਣੇ ਹੱਥਾਂ 'ਚ ਫੜਿਆ ਸੀ
ਤਾਂ ਮੈਨੂੰ ਲਗਿਆ ਸੀ ਜਿਵੇਂ
ਪੁੰਨਿਆਂ ਦਾ ਚੰਨ
ਮੇਰੀਆਂ ਤਲੀਆਂ 'ਚ ਆ ਗਿਆ ਹੋਵੇ
ਤੇਰੇ ਸਪਰਸ਼ ਦੀ ਭਿੰਨੀ ਖੁਸ਼ਬੂ, ਰੇਸ਼ਮੀ ਨਿੱਘ
ਨਸ਼ਿਆ ਦਿਤੀ ਸੀ ਮੇਰੀ ਰੂਹ
ਤੇਰੇ ਨੈਣਾਂ ਵਿਚ ਵੀ ਗੁਲਾਬੀ ਡੋਰੇ ਉਤਰ ਆਏ ਸਨ
ਅੱਜ ਵੀ ਮੈਨੂੰ ਆਪਣੀਆਂ ਤਲੀਆਂ 'ਚੋਂ
ਤੇਰੇ ਮੁੱਖ ਦੀ ਮਹਿਕ ਆਉਂਦੀ ਹੈ
ਕਦੀ ਕਦੀ ਤੂੰ ਮੇਰੇ ਏਨੇ ਕਰੀਬ ਆਈ ਹੈਂ
ਕਿ ਮੈਂ ਤੇਰੇ ਦਿਲ ਦੀ ਧੜਕਣ
ਤੇ ਆਉਂਦੇ ਜਾਂਦੇ ਸਾਹਾਂ ਨੂੰ ਵੀ ਮਹਿਸੂਸ ਕੀਤਾ ਹੈ
ਪਰ ਕਦੀ ਕਦੀ ਤੂੰ

ਸਾਹਾਂ ਦੀ ਵਿਥ ਤੇ ਮੇਰੇ ਪਾਸ ਬੈਠੀ ਵੀ
ਮੈਥੋਂ ਬਹੁਤ ਦੂਰ ਆਪਣੇ ਅਤੀਤ ਵਿਚ
ਗੁਆਚੀ ਜਾਂਦੀ ਰਹੀ ਹੈਂ
ਤੇਰੀ ਕਵਿਤਾ ਦੇ ਬੋਲਾਂ ਨੇ
ਮੇਰੇ ਮਨ ਮਸਤਕ ਵਿਚ ਵੀ
ਅਨੇਕਾਂ ਦੀਪ ਬਾਲੇ ਹਨ
ਤੂੰ ਸਰਘੀ ਦੀ ਲੋਅ ਬਣ ਕੇ
ਮੇਰੇ ਜੀਵਨ 'ਚ ਆਈ ਹੈਂ
ਜੇ ਤੇਰੇ ਤੇ ਸ਼ਿਕਵਾ ਹੈ ਤਾਂ ਬਸ ਇਕੋ
ਕਿ ਤੂੰ ਕੰਡਿਆਲੇ ਰਾਹਾਂ ਤੇ ਇਕੱਲੀ ਤੁਰਦੀ
ਆਪਣੇ ਪੈਰ ਛੱਲਣੀ ਕਰ ਲਏ ਹਨ
ਪਰ ਮੈਨੂੰ ਆਪਣੇ ਜ਼ਖ਼ਮਾਂ ਦੀ ਮਰ੍ਹਮ
ਕਿਉਂ ਬਨਣ ਨਹੀਂ ਦਿਤਾ।
ਅਮੀਨਾ!
ਤੇਰੀ ਇਕ ਗਲਵਕੜੀ, ਇਕ ਚੁੰਮਣ ਮੇਰੇ ਲਈ
ਸਾਡੇ ਮੋਹ ਦੀ ਅਸੀਮ ਦੌਲਤ ਹੈ
ਜੋ ਅੰਤਲੇ ਸਾਹਾਂ ਤਕ ਮੇਰੇ ਪਾਸ ਰਹਿਣੀ ਹੈ
ਮੈਂ ਦੂਰ ਜਾ ਕੇ ਵੀ ਤੈਥੋਂ ਦੂਰ ਜਾ ਨਹੀਂ ਸਕਣਾ
ਅਤੇ ਵਿਛੜ ਕੇ ਵੀ
ਤੂੰ, ਮੈਥੋਂ ਜੁਦਾ ਹੋ ਨਹੀਂ ਸਕਦੀ
ਇਕ ਦੂਜੇ ਦੀ ਰੂਹ ਵਿਚ ਘੁੱਲ ਕੇ
ਅਸੀਂ ਕਿੰਵੇਂ ਜੁਦਾ ਹੋ ਸਕਦੇ ਹਾਂ
ਮੈਂ ਹੁਣ ਜਦ ਕਾਵਿ ਅੱਖਰਾਂ ਦਾ ਵੇਸ ਧਾਰ
ਤੇਰੇ ਪਾਸ ਆਇਆ ਕਰਾਂਗਾ
ਤਾਂ ਤੂੰ ਹੈਰਾਨ ਹੋਇਆ ਕਰੇਂਗੀ
ਕਿ ਮੇਰੇ ਅੱਖਰਾਂ ਵਿਚ ਤਾਂ
ਤੇਰਾ ਹੀ ਚਿਹਰਾ ਹੈ
ਤੇ ਫਿਰ ਕਦੀ ਕਦੀ ਹਵਾ ਦਾ ਬੁੱਲਾ ਬਣ ਕੇ
ਤੇਰੇ ਦਰਵਾਜ਼ੇ ਤੇ ਦਸਤਕ ਦਿਆ ਕਰਾਂਗਾ
ਤੇ ਕਦੀ ਕੰਦੀ ਤੇਰੇ ਸੁਪਨਿਆਂ 'ਚ ਆ
ਤੇਰੀਆਂ ਨਜ਼ਮਾਂ 'ਚੋਂ
ਤੇਰਾ ਦਰਦ ਸੁਣਿਆ ਕਰਾਂਗਾ

ਅਤੇ ਤੂੰ ਵੀ
ਖੁਸ਼ਬੂ, ਰੌਸ਼ਨੀ ਚਾਨਣੀ ਬਣ ਕੇ
ਸਦਾ ਹਰ ਪਲ, ਹਰ ਦਮ , ਮੇਰੇ ਸਾਥ ਹੋਇਆ ਕਰੇਂਗੀ
ਖਿੜੇ ਫੁੱਲਾਂ ਤੇ ਬੱਦਲਾਂ 'ਚੋਂ ਮੈਨੂੰ
ਸਦਾ ਤੇਰਾ ਹੀ ਚਿਹਰਾ ਨਜ਼ਰ ਆਵੇਗਾ
ਤੇਰੀਆਂ ਪਲਕਾਂ ਤੇ ਮੋਹ ਦੇ ਹੰਝੂ ਵੇਖ
ਮੇਰੀ ਜਿੰਦ ਸਾਰੀ ਦੀ ਸਾਰੀ ਲਰਜ਼ਾ ਗਈ ਹੈ
ਸੋਚਦਾ ਹਾਂ ਇਹਨਾਂ ਅਮੋਲਕ ਮੋਤੀਆਂ ਦਾ
ਕਰਜ਼ਾ ਮੈਂ ਕਿੰਝ ਉਤਾਰਾਂਗਾ

ਉਦਾਸ ਨਾ ਹੋ
ਮੇਰੀ ਅਮੀਨਾ
ਮੇਰੇ ਏਥੋਂ ਚਲੇ ਜਾਣ ਪਿਛੋਂ ਵੀ
ਆਪਾਂ ਇਕ ਦੂਜੇ ਤੋਂ ਕਦੀ ਵਖ ਨਹੀਂ ਹੋਣਾ
ਤੇਰੀਆਂ ਮਿੱਠੀਆਂ ਨਿੱਘੀਆਂ ਯਾਦਾਂ
ਤੇ ਇਸ ਧਰਤੀ ਦੀ ਇਕ ਮੁੱਠ ਮਿੱਟੀ ਦਾ
ਕੀਮਤੀ ਸਰਮਾਇਆ ਲੈ ਕੇ
ਮੈਂ ਏਥੋਂ ਜਾ ਰਿਹਾ ਹਾਂ
ਮਿੱਟੀ ਕਿ ਜਿਸ ਨੂੰ ਤੇਰੇ ਪੈਰਾਂ ਦੀ
ਛੂਹ ਨਸੀਬ ਹੁੰਦੀ ਰਹੀ ਹੈ
ਮੈਨੂੰ ਇਸ 'ਚੋਂ ਹਮੇਸ਼ਾ
ਤੇਰੀ ਗਲਵੱਕੜੀ ਜਿਹਾ ਨਿੱਘ, ਕੂਲੀ ਮੁਲਾਇਮ ਛੂਹ
ਅਤੇ ਤੇਰੀ ਖੁਸ਼ਬੂ ਆਇਆ ਕਰੇਗੀ
ਹੁਣ ਜਦ ਮੇਰੇ ਏਥੋਂ ਵਿਦਾ ਹੋ ਜਾਣ ਦੀ ਘੜੀ
ਆਖਿਰ ਆ ਹੀ ਗਈ ਹੈ
ਤਾਂ ਇਹਨਾਂ ਉਦਾਸ ਪਲਾਂ 'ਚ ਵੀ
ਏਨੀ ਕੁ ਤਾਂ ਤਸੱਲੀ ਹੈ ਕਿ
ਆਪਾਂ ਇਕ ਦੂਜੇ ਦੀ
ਰੂਹ ਦੀ ਇਬਾਰਤ ਨੂੰ ਪੜ੍ਹ ਲਿਆ ਹੈ
ਅਮੀਨਾ!
ਤੂੰ ਮੇਰੀ ਮਹਿਬੂਬਾ ਹੀ ਨਹੀਂ
ਤੂੰ ਮੇਰੀ ਅਣਲਿਖੀ ਕਵਿਤਾ ਵੀ ਹੈਂ।

## ਲੋਹੜੀ

ਆ ਸੱਜਣਾ!
ਮਿਲ ਸ਼ਗਨ ਮਨਾਈਏ ਲੋਹੜੀ ਤੇ
ਕੀਤੇ ਜੋ ਇਕਰਾਰ ਪੁਗਾਈਏ ਲੋਹੜੀ ਤੇ
ਚਾਨਣ ਨਿੱਘ ਤੇ ਰੰਗ ਭਰਨ ਜੋ ਮੌਸਿਮ ਵਿਚ
ਗੀਤ ਅਸੀਂ ਕੁਝ ਐਸੇ ਗਾਈਏ ਲੋਹੜੀ ਤੇ।
ਰੁਸੀਆਂ ਖੁਸ਼ੀਆਂ ਮੋੜ ਲਿਆਈਏ ਲੋਹੜੀ ਨੂੰ
ਗੀਤਾਂ ਦੀ ਝਾਂਜਰ ਛਣਕਾਈਏ ਲੋਹੜੀ ਨੂੰ
ਮਨ ਦੇ ਵਿਹੜੇ ਕੋਸੀ ਕੋਸੀ ਧੁੱਪ ਖਿੜੇ
ਜੇ ਆਪਸ ਵਿਚ ਨਿੱਘ ਵਟਾਈਏ ਲੋਹੜੀ ਨੂੰ।
ਬਿਨ ਸੱਜਣਾਂ ਕੋਈ ਕਿੱਦਾਂ ਮਾਣੇ ਲੋਹੜੀ ਨੂੰ
ਬੇਗਾਨਾਂ ਕੋਈ ਦਰਦ ਕੀ ਜਾਣੇ ਲੋਹੜੀ ਨੂੰ
ਫੁੱਲਾਂ ਵਾਂਗੂ ਜਿੰਦ ਅਸਾਡੀ ਖਿੜ ਜਾਵੇ
ਆ ਜਾਵੇਂ ਜੇ ਕਿਸੇ ਬਹਾਨੇ ਲੋਹੜੀ ਨੂੰ।
ਕਲੀਆਂ ਵਾਂਗੂ ਆ ਮੁਸਕਾਈਏ ਲੋਹੜੀ ਨੂੰ
ਫਿਰ ਰੀਝਾਂ ਦੇ ਸੁਪਨ ਸਜਾਈਏ ਲੋਹੜੀ ਨੂੰ
ਪਿਆਰ ਦੀ ਜਿਹੜੀ ਬਾਤ ਅਧੂਰੀ ਰਹਿੰਦੀ ਏ
ਬਾਤ ਅਸੀਂ ਉਹ ਪੂਰੀ ਪਾਈਏ ਲੋਹੜੀ ਨੂੰ।
ਮਿਲਦੇ ਨੇ ਜਦ ਦੋ ਦੀਵਾਨੇ ਲੋਹੜੀ ਨੂੰ
ਬਣ ਜਾਂਦੇ ਨੇ ਫਿਰ ਅਫਸਾਨੇ ਲੋਹੜੀ ਨੂੰ
ਜਦ ਨਜ਼ਰਾਂ ਦਾ ਨਜ਼ਰ ਹੁੰਗਾਰਾ ਭਰਦੀ ਏ
ਛਿੜ ਪੈਂਦੇ ਨੇ ਨਵੇਂ ਤਰਾਨੇ ਲੋਹੜੀ ਨੂੰ।
ਦਸ ਕੱਲਾ ਮੈਂ ਕਿਵੇਂ ਮਨਾਵਾਂ ਲੋਹੜੀ ਨੂੰ
ਬਿਰਹੋਂ ਦੇਂਦੈ ਘੋਰ ਸਜ਼ਾਵਾਂ ਲੋਹੜੀ ਨੂੰ
ਤੂੰ ਆਵੇਂ ਤਾਂ ਸੂਰਜ ਲਿਸ਼ਕੇ ਵਿਹੜੇ ਵਿਚ
ਬਿਨ ਤੇਰੇ ਮੈਂ ਠਰਦਾ ਜਾਵਾਂ ਲੋਹੜੀ ਨੂੰ।

## ਫੁੱਲ

ਜੇ ਤੇਰੇ ਦਿਲ ਦੇ ਵਿਹੜੇ
ਫੁੱਲ ਨਹੀਂ ਖਿੜੇ ਤਾਂ
ਇਸ ਵਿਚ ਬਸੰਤ ਰੁੱਤ ਦਾ
ਕੀ ਦੋਸ਼ ਏ
ਦਿਲ 'ਚ
ਫੁੱਲਾਂ ਦਾ ਬੂਟਾ ਲਾਉਣ ਨਾਲ ਹੀ
ਫੁੱਲ ਥੋੜਾ ਖਿੜਦੇ ਨੇ
ਮੁਹੱਬਤ ਦੇ ਬੂਟੇ ਨੂੰ
ਨਿਰੰਤਰ ਮੋਹ ਕੁਰਬਾਨੀ
ਵਫ਼ਾ ਦਾ ਪਾਣੀ ਵੀ ਤਾਂ
ਪਾਉਣਾ ਪੈਂਦਾ ਹੈ
ਉਦਾਸ ਨਾਂਹ ਹੋ ਬਾਹਰ ਵੇਖ
ਤੇਰੇ ਆਸੇ ਪਾਸੇ
ਹੋਰਨਾਂ ਦੇ ਵਿਹੜਿਆਂ ਵਿਚ
ਕਿੰਨੇ ਰੰਗਲੇ ਫੁੱਲ ਖਿੜੇ ਨੇ
ਉਹ ਪਰਾਏ ਹੀ ਸਹੀ

ਪਰ ਤੇਰੀਆਂ ਨਜ਼ਰਾਂ ਤਾਂ
ਉਹਨਾਂ ਦੀ ਸੁੰਦਰਤਾ
ਨਿਹਾਰ ਸਕਦੀਆਂ ਹਨ
ਖ਼ੁਸ਼ਬੂ ਤੇ ਤਾਂ, ਕੋਈ ਬੰਦਸ਼ ਨਹੀਂ ਹੁੰਦੀ
ਤੂੰ ਦੂਰ ਰਹਿ ਕੇ ਵੀ ਤਾਂ
ਖ਼ੁਸ਼ਬੂ ਮਾਣ ਸਕਦਾ ਹੈਂ
ਤੂੰ ਆਪਣਾ ਆਪਾ
ਕਿਸੇ ਫੁੱਲ ਦੇ ਕਾਬਿਲ ਬਣਾ
ਖ਼ੁਸ਼ਬੂ ਖੁਦ ਤੇਰੇ ਪਾਸ ਆਏਗੀ
ਜਦ ਤੇਰੇ ਮਨ ਚੋਂ
ਨਫ਼ਰਤ ਈਰਖਾ ਨਿਕਲ ਜਾਏਗੀ
ਤੇ ਪਿਆਰ ਦੀ ਪਵਿੱਤਰ ਝਨਾਂ ਵਿਚ
ਡੁੱਬ ਕੇ ਤੂੰ ਬਾਹਰ ਆਏਂਗਾ
ਤਾਂ ਤੂੰ ਆਪ ਵੀ, ਖਿੜਿਆ ਫੁੱਲ ਬਣ ਜਾਏਂਗਾ।

## ਰੂਹ ਦਾ ਚਸ਼ਮਾਂ

ਮੇਰੀ ਰੂਹ 'ਚੋਂ
ਪਿਆਰ ਦੇ ਗੀਤਾਂ ਦੇ
ਚਸ਼ਮੇਂ ਫੁੱਟ ਰਹੇ ਨੇ
ਤੇ ਮੈਂ ਚਾਹੁੰਦਾ ਹਾਂ
ਹਵਾ ਬਣ ਕੇ
ਇਸ ਖੁਸ਼ੀਆਂ ਦੀ ਦੌਲਤ ਨੂੰ
ਕੁਲ ਦੁਨੀਆਂ 'ਚ ਵੰਡ ਦੇਵਾਂ
ਮੁਹੱਬਤ ਦੀ ਘਟਾ ਬਣ ਕੇ
ਨਫ਼ਰਤ ਦੇ, ਤੇ ਹਿੰਸਾ ਦੇ
ਸਭ ਭਾਂਬੜ ਬੁਝਾ ਦੇਵਾਂ
ਹਰ ਦਿਲ ਦੇ ਅੰਦਰ ਹੀ
ਜਗਾ ਕੇ ਪਿਆਰ ਦਾ ਦੀਪਕ
ਨੂਰੋ ਨੂਰ ਕਰ ਦੇਵਾਂ
ਇਸ ਧਰਤੀ ਦੇ ਕਣ ਕਣ ਨੂੰ
ਪਾਣੀ ਮੋਹ ਦਾ ਲਾ ਕੇ
ਇੰਝ ਸਰਸ਼ਾਰ ਕਰ ਦੇਵਾਂ
ਕਿ ਹਰ ਥਾਂ ਹਰ ਕਿਸੇ ਨੂੰ ਹੀ
ਹਰ ਦੂਜੇ ਦੇ ਚਿਹਰੇ ਚੋਂ
ਆਪਣੇ ਹੀ ਪਿਆਰੇ ਦਾ
ਬਸ ਚਿਹਰਾ, ਨਜ਼ਰ ਆਏ
ਇਸ ਧਰਤੀ ਦੇ ਪਿੰਡੇ ਤੋਂ
ਲਾਹ ਕੇ ਜੰਗ ਦੀ ਕਾਲਖ

ਅਮਨ ਦੇ ਅਤਰ ਵਿਚ ਧੋ ਕੇ
ਐਸੀ ਸੁੰਦਰ ਬਣਾ ਦੇਵਾਂ
ਕਿ ਹਰ ਬੱਚੇ ਦੀ ਝੋਲੀ ਉਹ
ਫੁੱਲਾਂ, ਫਲਾਂ ਦੇ ਨਾਲ ਭਰ ਦੇਵੇ
ਅਸੀਮ ਵਲ ਦਾ ਸਫਰ
ਮੈਂ ਜਦ ਤੋਂ ਸ਼ੁਰੂ ਕੀਤਾ ਹੈ
ਮੇਰੇ ਲਈ, ਦੇਸ ਪ੍ਰਦੇਸ ਦੀ
ਹੁਣ ਕੋਈ ਸੀਮਾ ਨਹੀਂ
ਪਰਬਤ ਨਦੀਆਂ ਅਤੇ ਸਾਗਰ
ਸਿਤਾਰੇ ਚੰਨ ਤੇ ਸੂਰਜ
ਅਨੇਕਾਂ ਧਰਤੀਆ ਅੰਬਰ
ਮੇਰੀ ਪ੍ਰੀਤ ਦੀ ਮਾਲਾ ਦੇ
ਸਭ ਅਣਮੋਲ ਮੋਤੀ ਹਨ
ਮੇਰੀ ਸੋਚਾਂ ਦੀ ਦੁਨੀਆਂ ਵਿਚ
ਨਾ ਜ਼ਾਤਾਂ ਨਾ ਮਜ਼ਹਬਾਂ ਦਾ
ਨਾ ਉੱਚੇ ਦਾ ਤੇ ਨੀਵੇਂ ਦਾ
ਨਾ ਗੋਰੇ ਦਾ ਤੇ ਕਾਲੇ ਦਾ
ਕੋਈ ਅੰਤਰ ਨਹੀਂ ਕਿਧਰੇ
ਇਸ ਵਿਚ ਮੀਤ ਹਨ ਸਾਰੇ
ਤੇ ਹਰ ਇਨਸਾਨ ਦੇ ਚਿਹਰੇ 'ਚੋਂ
ਕਾਦਰ ਹੀ ਨਜ਼ਰ ਆਉਂਦੇ
ਤੇ ਮੈਂ ਹਾਂ ਲੋਚਦਾ ਇਹੋ
ਮੇਰੀ ਸੋਚਾਂ ਦੀ ਇਹ ਦੁਨੀਆਂ
ਹੁਣ ਸਾਕਾਰ ਹੋ ਜਾਏ।

## ਮੈਂ ਜ਼ਰੂਰ ਆਵਾਂਗਾ !

ਮੈਂ ਜ਼ਰੂਰ ਆਵਾਂਗਾ
ਤੇਰੇ ਪਾਸ ਜ਼ਰੂਰ ਆਵਾਂਗਾ
ਪਰ ਅਜੇ ਨਹੀਂ
ਅਜੇ ਤਾਂ ਤੇਰੇ ਆਸ ਪਾਸ
ਮਤਲਬ-ਖੋਰਾਂ ਚਾਪਲੂਸਾਂ ਦਾ ਝੁਰਮਟ ਹੈ
ਅਤੇ ਤੂੰ ਪਰਬਤਾਂ ਜਿੱਡੇ
ਅਨੇਕਾਂ ਫਜ਼ੂਲ ਕੰਮ ਵਿੱਢੇ ਨੇ
ਅਜੇ ਤੇਰੇ ਪਾਸ ਦੋ ਪਲ ਵੀ
ਮੇਰੇ ਦਿਲ ਦੀ ਵੇਦਨਾਂ
ਸੁਣਨ ਦੀ ਵਿਹਲ ਕਿਥੇ ਹੈ
ਅਜੇ ਤਾਂ ਤੂੰ ਮੈਨੂੰ ਬੁਲਾ ਕੇ
ਮੇਰੇ ਪਾਸ ਬੈਠੀ ਵੀ
ਮੇਰੇ ਤੋਂ ਕੋਹਾਂ ਦੂਰ ਹੁੰਦੀ ਏਂ
ਜਦੋਂ ਤੂੰ
ਟੀਸੀਆਂ ਤੇ ਚੜ੍ਹਣ ਤੋਂ ਵਿਹਲੀ ਹੋ ਕੇ
ਅੰਬਰੀ ਸੋਚਾਂ ਤੋਂ ਮੁਕਤ ਹੋ

ਦਿਲੋਂ ਮੈਨੂੰ ਬੁਲਾਂਵੇਂਗੀ
ਤਾਂ ਮੈਂ ਜ਼ਰੂਰ,
ਤੇਰੇ ਪਾਸ ਆਵਾਂਗਾ
ਉਂਝ ਬੜੇ ਚਿਰ ਤੋਂ
ਮੈਂ ਤਾਂ ਤੈਨੂੰ ਸਦਾ
ਆਪਣੇ ਅੰਗ ਸੰਗ ਸਮਝਦਾ ਹਾਂ
ਪਰ ਤੂੰ ਆਪ ਹੀ ਅਜੇ
ਮੈਥੋਂ ਬਹੁਤ ਦੂਰ ਰਹਿੰਦੀ ਏਂ
ਜਦ ਕਦੀ ਤੇਰੀ ਰੂਹ ਮੈਨੂੰ ਆਵਾਜ਼ ਮਾਰੇਗੀ
ਤਾਂ ਮੈਂ ਓਸੇ ਘੜੀ
ਜ਼ਰੂਰ ਤੇਰੇ ਪਾਸ ਆਵਾਂਗਾ
ਤੂੰ ਵੇਖੀਂ ਮੈਂ ਓਸੇ ਵਕਤ
ਤੇਰੇ, ਬਸ ਤੇਰੇ ਹੀ ਪਾਸ ਹੋਵਾਂਗਾ।

## ਤੇਰੇ ਅੱਖਰ

ਤੇਰੇ ਅੱਖਰ
ਕਿਸੇ ਬਾਗ ਵਿਚ
ਸਰਘੀ ਵੇਲੇ ਰੰਗ ਬਰੰਗੇ
ਮਹਿਕਾਂ ਵੰਡਦੇ ਫੁੱਲਾਂ ਵਰਗੇ
ਜਾਂ ਅੰਬਾਂ ਦੇ ਝੁੰਡਾਂ ਵਿਚੋਂ
ਮਿੱਠੀ ਮਿੱਠੀ ਦਰਦ 'ਚ ਭਿੱਜੀ
ਬਿਰਹੋਂ ਕੁੱਠੀ
ਕਿਸੇ ਕੋਇਲ ਦੀ ਕੂ ਕੂ ਵਰਗੇ
ਇਹਨਾਂ ਦੀ ਖਿੱਚ
ਦੂਰ ਕਿਸੇ ਟਿੱਲੇ ਦੇ ਉੱਤੇ
ਅੱਧੀ ਰਾਤੀਂ ਚੰਨ ਚਾਨਣੀ ਦੇ ਵਿਚ ਗਾਉਂਦੇ
ਕਿਸੇ ਵਿਜੋਗੀ ਫੱਕਰ ਦੇ ਬੋਲਾਂ ਦੇ ਵਰਗੀ
ਇਹਨਾਂ ਵਿਚ ਤਾਂ ਦਰਦ ਜਾਪਦੈ
ਖਿੜੀ ਚਾਨਣੀ ਜੰਗਲ ਦੇ ਵਿਚ
ਨਦੀ ਕਿਨਾਰੇ ਕੂੰਜੂਆ ਗਾਉਂਦੀ
ਆਪਣੇ ਹੀ ਹੰਝੂਆਂ ਵਿਚ ਨ੍ਹਾਉਂਦੀ
ਚੰਬੇ ਦੀ ਮੁਟਿਆਰ ਕਲੀ ਦਾ
ਮੋਤੀਆਂ ਵਰਗੇ ਤੇਰੇ ਸੁੱਚੇ
ਸ਼ਬਦਾਂ ਦਾ ਮੈਂ ਕਿੰਵੇਂ ਹੁੰਗਾਰਾ ਭਰ ਸਕਦਾ ਹਾਂ
ਇਹਨਾਂ ਦੇ ਜਾਦੂ ਵਿਚ ਬਝਿਆ
ਇਹਨਾਂ ਦੀ ਸੁਰ ਸੁੰਦਰਤਾ ਨੂੰ ਮਾਣ ਰਿਹਾ ਹਾਂ
ਹੋ ਸਕੇ ਤਾਂ,
ਮੇਰੇ ਟੁੱਟੇ ਸ਼ਬਦਾਂ ਨੂੰ ਪ੍ਰਵਾਨ ਕਰੀਂ ਤੂੰ।

## ਰੇਸ਼ਮ ਦੀ ਤੰਦ

ਮੇਰੀ ਦੋਸਤ
ਰਿਸ਼ਤਾ ਕੋਈ ਲਾਵਾਂ ਦਾ ਹੀ ਤਾਂ ਨਹੀਂ ਹੁੰਦਾ
ਪਿਆਰ ਦਾ ਰਿਸ਼ਤਾ ਤਾਂ ਇਸ ਤੋਂ ਜ਼ਿਆਦਾ
ਪਵਿੱਤਰ ਤੇ ਮਜ਼ਬੂਤ ਹੁੰਦਾ ਏ
ਦੋ ਤਾਂਘਦੇ ਦਿਲਾਂ ਨੂੰ ਰਸਮਾਂ ਰਿਵਾਜਾਂ ਦੀ
ਗਵਾਹੀ ਦੀ ਕੋਈ ਲੋੜ ਨਹੀਂ ਹੁੰਦੀ
ਤੇ ਨਾ ਹੀ ਸਾਨੂੰ ਜੁਦਾ ਕਰ ਸਕਦੀ ਹੈ
ਕਿਸੇ ਬੋਦੇ ਕਾਨੂੰਨ ਦੀ ਧਾਰਾ
ਸਾਡੇ ਖਿਆਲਾਂ ਨੂੰ ਕਿਹੜੀ ਜ਼ੰਜੀਰ ਜਕੜ ਸਕਦੀ ਹੈ?
ਜਿਸਮਾਂ ਦਾ ਨਾਤਾ ਤਾਂ ਕਦੇ ਵੀ ਟੁੱਟ ਸਕਦਾ ਹੈ
ਪਰ ਰੂਹਾਂ ਦਾ ਨਾਤਾ ਤਾਂ ਕਦੀ ਟੁੱਟਦਾ ਨਹੀਂ
ਪਿਆਰ--
ਇਹ ਤਾਂ ਪੂਜਾ ਕੁਰਬਾਨੀ ਹੈ ਇਕ ਦੂਜੇ ਲਈ
ਜਿਸ ਵਿਚ ਇਕ ਦੂਜੇ ਚੋਂ ਆਪੇ ਦਾ ਦੀਦਾਰ ਹੁੰਦਾ ਹੈ
ਇਹ ਤਾਂ ਇਕ ਦੂਜੇ ਲਈ ਜੀਣ ਥੀਣ
ਤੇ ਖੁਸ਼ੀਆਂ ਲੁਟਾਵਣ ਦਾ ਅਹਿਦ ਹੁੰਦਾ ਏ

ਗੱਲ ਤਾਂ ਕੇਵਲ ਵਿਸ਼ਵਾਸ ਦੀ ਹੁੰਦੀ ਏ
ਕੋਈ ਕਿਤੇ ਵੀ ਕਿਸੇ ਹੋਰ ਸੰਗ ਰਹਿ ਕੇ ਵੀ ਤਾਂ
ਆਪਣਾ ਹੋ ਸਕਦਾ ਏ
ਜੀਵਨ ਦਾ ਸਫਰ ਤਾਂ ਬਹੁਤ ਲੰਮਾ ਤੇ ਔਝੜ ਹੈ
ਬਹੁਤ ਹੀ ਲੋੜ ਹੈ ਮੈਨੂੰ ਤੇਰੇ ਹੁੰਗਾਰੇ ਦੀ
ਤੇਰੀਆਂ ਨਜ਼ਰਾਂ ਦੀ ਲਿਸ਼ਕ
ਮੇਰੀ ਸਾਰੀ ਉਦਾਸੀ ਪਾੜ ਸੁਟਦੀ ਏ
ਤੇਰੇ ਬੋਲ ਮੇਰੀ ਜ਼ਿੰਦਗੀ ਦੀ ਕੁੜੱਤਣ ਵਿਚ
ਮਿਸ਼ਰੀ ਘੋਲ ਦੇਂਦੇ ਨੇ
ਤੂੰ ਦੂਰ ਹੀ ਸਹੀ
ਪਰ ਜਦ ਤੀਕ ਤੂੰ ਮੇਰੀ ਉਡੀਕ ਕਰਦੀ ਏਂ
ਮੈਂ ਪੈਂਡੇ ਮੁਕਾਂਦਾ ਹੀ ਜਾਵਾਂਗਾ
ਤੇ ਇਕ ਗਲ ਹੋਰ
ਆ! ਕਿ ਆਸ ਦੀ ਕੰਨੀਂ ਨੂੰ ਘੁੱਟ ਕੇ ਫੜੀਏ
ਕਿਸੇ ਨਾ ਕਿਸੇ ਮੋੜ ਤੇ ਇਕ ਦਿਨ ਜ਼ਰੂਰ
ਮੁੜ ਮਿਲ ਹੀ ਜਾਵਾਂਗੇ।

## ਮੇਰੀ ਸ਼ਾਇਰੀ

ਮੇਰੀ ਸ਼ਾਇਰੀ 'ਚ ਹੋਣਗੇ ਐਬ ਲੱਖਾਂ
ਮੇਰਾ ਇਸ਼ਕ ਪਰ ਪਾਕਿ ਕੁਰਾਨ ਜਿਹਾ
ਸ਼ਿਅਰਾਂ ਵਿਚ ਮੇਰੇ ਦਿਲ ਦਾ ਦਰਦ ਯਾਰੋ
ਐਵੇਂ ਛਾਪਿਆ ਨਹੀਂ ਦੀਵਾਨ ਜਿਹਾ
ਮੇਰਾ ਇਸ਼ਕ ਨਾ ਹਵਸ ਦੀ ਭੁੱਖ ਤੀਕਰ
ਮੇਰਾ ਇਸ਼ਕ ਹੈ ਦੀਨ ਈਮਾਨ ਜਿਹਾ
ਮੇਰੇ ਲਈ ਮਹਿਬੂਬ ਨਹੀਂ ਹੁਸਨ ਦਾ ਬੁੱਤ
ਮੇਰੇ ਲਈ ਉਹ ਰੱਬ ਸੁਲਤਾਨ ਜਿਹਾ।

## ਇੰਤਜ਼ਾਰ

ਤੂੰ ਆਵੇਂਗੀ, ਇੰਤਜ਼ਾਰ ਵਿਚ
ਪਤਾ ਨਹੀਂ ਹੈ ਕਿੰਨੇਂ ਚਿਰ ਤੋਂ
ਮੈਂ ਇਕ ਰੁੱਖ ਦੇ ਹੇਠ ਖਲੋਤਾ
ਤੇਰਾ ਰਸਤਾ ਵੇਖ ਰਿਹਾ ਹਾਂ
ਥੱਕ ਚਲੀਆਂ ਹਨ ਮੇਰੀਆਂ ਨਜ਼ਰਾਂ
ਲੱਤਾਂ ਪੱਥਰ ਹੋ ਗਈਆਂ ਨੇ
ਜਿਸ ਵੀ ਆਸ ਦੀ ਟਾਹਣੀ ਨੂੰ ਮੈਂ
ਹੱਥ ਪਾਇਆ ਹੈ ਟੁੱਟ ਗਈ ਹੈ।
ਮੇਰੇ ਸੁਪਨੇ
ਟੁੱਟਿਆਂ ਸੁਕਿਆਂ ਪੱਤਿਆਂ ਵਾਂਗੂ
ਮੇਰੇ ਸਾਹਵੇਂ ਪੈਰਾਂ ਦੇ ਵਿਚ
ਧਰਤੀ ਉੱਤੇ ਆਣ ਖਿੰਡੇ ਹਨ
ਪਿਆਰ ਨਿਸ਼ਾਨੀ
ਤਾਜ਼ੇ ਫੁਲਾਂ ਦਾ ਗੁਲਦਸਤਾ
ਤੇਰੇ ਲਈ ਜੋ ਮੈਂ ਆਂਦਾ ਸੀ
ਰੀਝਾਂ ਦੇ ਫੁੱਲ

ਉਸ 'ਚੋਂ ਸਭ ਕੁਮਲਾ ਚਲੇ ਨੇ
ਤੇਰੇ ਆਉਣ ਦਾ ਵੇਲਾ ਸੀ ਜੋ
ਉਹ ਤਾਂ ਕਦ ਦਾ ਬੀਤ ਗਿਆ ਹੈ।
ਐਪਰ ਫਿਰ ਵੀ
ਤੇਰੇ ਰਾਹ ਵਿਚ ਬੁੱਤ ਬਣਿਆ ਮੈਂ
ਤੇਰਾ ਰਸਤਾ ਵੇਖ ਰਿਹਾ ਹਾਂ
ਹੁਣ ਏਵੇਂ ਹੀ ਸਾਰੀ ਉਮਰਾਂ
ਤੇਰੀ ਰੋਜ਼ ਉਡੀਕ ਕਰਾਂਗਾ
ਤੇ ਫਿਰ ਇਕ ਦਿਨ ਉਸ ਪਿਛੋਂ ਮੈਂ
ਤੇਰੇ ਰਾਹ ਦੇ ਕਿਸੇ ਕਿਨਾਰੇ
ਬਸ ਇਕ ਰੁੱਖ ਹੀ ਬਣ ਜਾਵਾਂਗਾ
ਤੇਰੇ ਉਪਰ ਜਦੋਂ ਕਦੀ ਵੀ
ਧੁੱਪ ਹਨੇਰੀ ਮੀਂਹ ਆ ਜਾਵੇ
ਤੂੰ ਮੇਰੀ ਛਾਂਵੇਂ ਆ ਜਾਵੀਂ
ਤੇਰੇ ਤੇ ਹਰ ਆਈ ਆਫ਼ਤ
ਮੈਂ ਆਪਣੇ ਸਿਰ ਝੱਲ ਲਵਾਂਗਾ।

## ਆਖ਼ਰੀ ਖ਼ਤ

ਬਹੁਤ ਅਫ਼ਸੋਸ ਹੈ ਮੈਨੂੰ
ਮੇਰੇ ਕਾਰਨ,
ਤੂੰ ਬਹੁਤ ਪ੍ਰੇਸ਼ਾਨ ਹੋਈ ਹੈਂ
ਚਾਹਿਆ ਸੀ ਕਿ ਤੇਰੀ ਝੋਲੀ
ਭਰਾਂਗਾ ਨਾਲ ਖੁਸ਼ੀਆਂ ਦੇ
ਪਤਾ ਕੀ ਸੀ ਤੜਪ ਮੇਰੀ
ਤੇਰੇ ਲਈ ਖ਼ਾਰ ਬਣ ਜਾਣੈ।
ਮੇਰੀ ਦੋਸਤ!
ਤੇਰੀ ਖੁਸ਼ੀ ਦੀ ਖ਼ਾਤਿਰ
ਜਿਵੇਂ ਤੂੰ ਮੰਗ ਕੀਤੀ ਹੈ
ਆਪਣੇ ਗੀਤਾਂ ਦਾ ਗਲ ਆਪੇ
ਸਦਾ ਲਈ ਘੁੱਟ ਸੁਟਾਂਗਾ
ਚਲਾ ਜਾਵਾਂਗਾ ਥਾਂ ਐਸੀ
ਮੇਰਾ ਮਨਹੂਸ ਪਰਛਾਵਾਂ
ਤੇਰੇ 'ਤੇ ਨਾ ਪਵੇ ਜਿਥੋਂ
ਤੂੰ ਨਿਰਦੋਸ਼ ਅਲ੍ਹੜ ਹੈਂ
ਹੁਸਨ ਦੀ ਛਲਕਦੀ ਗਾਗਰ
ਮੇਰਾ ਵੀ ਦੋਸ਼ ਏਨਾ ਹੈ

ਕਿ ਤੇਰੇ ਸ਼ਰਬਤੀ ਨੈਣਾਂ ਨੇ
ਜਿਹੜੀ ਬਾਤ ਪਾਈ ਸੀ
ਹੁੰਗਾਰਾ ਉਸ ਦਾ ਭਰ ਬੈਠਾ
ਮਹਿਕ ਦਾ ਇਕ ਬੁੱਲਾ ਵੀ
ਜ਼ਮਾਨੇ ਤੋਂ ਨਾ ਜਰ ਹੋਇਆ
ਉਸ ਝੱਖੜ ਝੁਲਾ ਦਿਤਾ।
ਮੇਰੇ ਖਿਆਲਾਂ 'ਚੋਂ ਪਰ ਤੈਨੂੰ
ਕੌਣ ਕੱਢੇਗਾ?
ਤੂੰ ਤਾਂ ਮੇਰੀ ਰੂਹ ਵਿਚ ਰੱਚ ਗਈ ਹੈਂ
ਮੇਰੀ ਮੁਹੱਬਤ!
ਤੂੰ ਜ਼ਮਾਨੇ ਤੋਂ ਡਰ ਗਈ ਹੈਂ
ਤੇ ਹੁਣ ਮੈਂ ਤੈਨੂੰ ਰੋਜ਼ ਖ਼ਤ ਲਿਖ ਕੇ
ਜਦੋਂ ਚੁਲ੍ਹੇ 'ਚ ਸਾੜਾਂਗਾ
ਤਾਂ ਆਪਣੇ ਦਿਲ ਨੂੰ ਖ਼ੁਦ ਸੜਦਾ
ਅੱਖਾਂ ਨਾਲ ਵੇਖਾਂਗਾ
ਤੜਪਾਂਗਾ ਪਰ ਤੇਰੇ ਤਕ
ਹੁਣ ਨਹੀਂ ਆਵਾਜ਼ ਆਵੇਗੀ।

## ਤਿੜਕਿਆ ਸ਼ੀਸ਼ਾ

ਅੱਜ ਫਿਰ ਮੇਰਾ ਜਨਮ ਦਿਹੁੰ ਹੈ
ਤੇਰੇ ਬਾਝੋਂ ਕਾਹਦੀਆਂ ਖ਼ੁਸ਼ੀਆ,
ਕੁਝ ਮੀਲਾਂ ਦੀ ਵਿੱਥ ਸਾਡੇ ਵਿਚ
ਮੰਗਲ ਦੀ ਦੂਰੀ ਤੋਂ ਬਹੁਤੀ
ਏਸ ਪੁਲਾੜੀ ਯੁੱਗ ਦੇ ਵਿਚ ਵੀ,
ਸਾਡੇ ਵਿਚ ਜੋ ਦੀਵਾਰਾਂ ਨੇ
ਉਹਨਾਂ ਨੂੰ ਟੱਪਣਾ ਮੁਸ਼ਕਿਲ ਹੈ।
ਉਮਰੋਂ ਪਹਿਲਾਂ ਆਏ ਚਿੱਟੇ
ਸ਼ੀਸ਼ੇ ਦੇ ਵਿਚ ਵਾਲ ਦੇਖ ਕੇ
ਮੇਰਾ ਆਪਾ ਲਰਜ਼ ਗਿਆ ਹੈ
ਮੂੰਹ ਦੇ ਉਤੇ ਸਮੇਂ ਨੇ ਲੀਕਾਂ
ਵਿੰਗ ਤੜਿੰਗੀਆਂ ਪਾ ਦਿੱਤੀਆਂ ਨੇ
ਗ਼ਮ ਤੇ ਸੰਸਾ ਦੇ ਪਰਛਾਵੇਂ
ਟੋਏ ਅੱਖਾਂ ਹੇਠ ਬਣੇ ਹਨ
ਆਪਣੀ ਹੀ ਸੂਰਤ ਤੋਂ ਡਰ ਕੇ
ਮੇਰੇ ਕੰਬਦੇ ਹੱਥਾਂ ਵਿਚੋਂ
ਡਿੱਗਿਆ ਸ਼ੀਸ਼ਾ ਹੀ ਨਹੀਂ ਟੁੱਟਿਆ
ਮੈਂ ਸਾਰਾ ਹੀ ਤਿੜਕ ਗਿਆ ਹਾਂ।
ਤੈਨੂੰ ਕੁਝ ਵੀ ਖ਼ਬਰ ਨਹੀਂ ਹੈ
ਕੈਸਾ ਮੇਰਾ ਜਨਮ ਦਿਹੁੰ ਹੈ
ਟੁੱਟੀਆਂ ਸਭ ਸੋਚਾਂ ਦੀਆਂ ਕਿਰਚਾਂ
ਮੇਰੀ ਰੂਹ ਵਿਚ ਚੁੱਭ ਗਈਆਂ ਨੇ
ਪੋਟਾ ਪੋਟਾ ਜ਼ਖ਼ਮੀ ਹੋਇਆ
ਮੱਛੀ ਵਾਂਗੂੰ ਤੜਫ਼ ਰਿਹਾ ਹਾਂ।

## ਵਿਸ਼ਵਾਸ

ਤੇਰੀ ਮਰਜ਼ੀ ਜੇ ਏਹੋ ਹੈ
ਤਾਂ ਮੈਂ ਚੁੱਪ ਹੀ ਰਹਾਂਗਾ
ਪਰ ਅੱਗ ਜੋ ਮੇਰੇ ਸੀਨੇ 'ਚ ਬਲਦੀ ਹੈ
ਦੂਰ ਰਹਿ ਕੇ ਵੀ ਤੈਥੋਂ
ਉਸ ਦਾ ਸੇਕ ਸਹਿ ਨਹੀਂ ਹੋਣਾ।
ਮੇਰੀ ਮੁਹੱਬਤ!
ਇਹ ਵਿਸ਼ਵਾਸ ਹੈ ਮੈਨੂੰ
ਜ਼ੰਜੀਰਾਂ ਤੋੜ ਕੇ ਸੱਭੇ
ਤੂੰ ਇਕ ਦਿਨ ਪਰਤ ਆਵੇਂਗੀ।

## ਐ ਦਿਲਾ !

ਐ ਦਿਲਾ!
ਹਰ ਦਰਦ ਨੂੰ ਚੁੱਪ ਕਰ ਕੇ ਸਹਿ
ਕੌਣ ਹੈ ਏਥੇ ਤੇਰਾ?
ਜੋ ਦਰਦ ਨੂੰ ਵੰਡਾਏਗਾ
ਭਟਕਣਾਂ ਦੀ ਗਰਮ ਲੂ
ਤੇ ਮਾਰੂਥਲ ਹੈ ਹਿਜਰ ਦਾ
ਪਰ ਨਾ ਪਰਛਾਵਾਂ ਕਿਤੇ
ਦਿਲਬਰ ਦਾ ਨਜ਼ਰੀਂ ਆਏਗਾ
ਇਸ ਘੁਟਣ ਦੀ ਚਿੱਖਾ ਵਿਚ
ਤੂੰ ਜਦੋਂ ਜਲ ਜਾਏਂਗਾ
ਰਾਖ ਤੇਰੀ ਦਾ ਕਿਸੇ ਨੂੰ
ਖ਼ਿਆਲ ਤਕ ਨਾ ਆਏਗਾ।
ਐ ਦਿਲਾ !
ਹਰ ਪੀੜ ਨੂੰ ਚੁੱਪ ਕਰ ਕੇ ਪੀ
ਕੌਣ ਹੈ ਜੋ
ਤੇਰਿਆਂ ਜ਼ਖ਼ਮਾਂ ਤੇ ਮਰ੍ਹਮ ਲਾਏਗਾ।

# ਮੌਸਮ

ਹੋਰਾਂ ਲਈ ਬਦਲਦਾ ਹੋਵੇਗਾ ਮੌਸਮ
ਰੁੱਤ ਬਦਲਣ 'ਤੇ
ਪਰ ਮੇਰੇ ਲਈ ਤਾਂ ਮੌਸਮ
ਤੇਰੇ ਮਿਲਣ ਵਿਛੜਣ ਤੇ ਬਦਲ ਜਾਂਦਾ ਹੈ।
ਤੇਰੇ ਆਉਣ ਤੇ ਹੀ
ਕਮਰਾ ਜਗ-ਮਗਾ ਉਠਦੈ
ਖ਼ੁਸ਼ੀ ਦੀ ਪੀਂਘ ਸਤਰੰਗੀ
ਹੈ ਮਨ ਮੇਰੇ 'ਤੇ ਪੈ ਜਾਂਦੀ
ਭਿੰਨੀ ਮਹਿਕ ਕਲੀਆਂ ਦੀ
ਹਰ ਇਕ ਸ਼ੈਅ 'ਚੋਂ ਆਉਂਦੀ ਹੈ।
ਤੇਰੇ ਪਰ ਜਾਣ ਦੇ ਪਿਛੋਂ
ਪੱਤਝੜ ਦੀ ਹਨੇਰੀ ਰਾਤ ਹੁੰਦੀ ਹੈ
ਠੱਕਾ ਕਹਿਰ ਦਾ ਚਲਦੈ
ਬਿਜਲੀ ਬਿਰਹੋਂ ਦੀ ਜ਼ਾਲਮ
ਰੀਝਾਂ ਸਾੜ ਸੁਟਦੀ ਹੈ
ਕੋਰਾ ਆਸਾਂ ਤੇ ਜੰਮ ਜਾਂਦੈ
ਤੇ ਮੈਂ ਇਕ ਸੁੱਕੇ ਪੱਤਰ ਵਾਂਗ
ਗ਼ਮ ਦੇ ਬੁਲ੍ਹਿਆਂ ਦੇ
ਥਪੇੜੇ ਖਾ ਰਿਹਾ ਹੁੰਦਾਂ।
ਹੋਰਾਂ ਲਈ ਬਦਲਦਾ ਹੋਵੇਗਾ ਮੌਸਮ
ਰੁੱਤ ਬਦਲਣ 'ਤੇ
ਪਰ ਮੇਰੇ ਲਈ ਤਾਂ ਮੌਸਮ
ਤੇਰੇ ਮਿਲਣ ਵਿਛੜਣ ਤੇ ਹੀ ਬਦਲ ਜਾਂਦਾ ਹੈ।

# ਆਪਣੇ ਸਿਵੇ ਦਾ ਬਾਲਣ

ਲਿਖਣ ਨੂੰ ਹੁਣ ਰਹਿ ਵੀ ਕੀ ਗਿਆ ਹੈ
ਸੋਚਦਾ ਸਾਂ ਕਾਸ਼ ਕਦੀ ਤੂੰ
ਮੇਰੀਆਂ ਨਜ਼ਮਾਂ ਨੂੰ ਪੜ੍ਹ ਲੈਂਦੀ
ਮੇਰੀ ਕਿਸਮਤ ਬਦਲ ਜਾਦੀ
ਆਪਣੇ ਦਿਲ ਦੀਆਂ ਗੱਲਾਂ
ਜੋ ਤੈਨੂੰ ਕਹਿਣ ਵੇਲੇ
ਮੇਰੀ ਸੀ ਜੀਭ ਰੁਕ ਜਾਂਦੀ
ਉਹ ਮੇਰੀ ਕਲਮ ਨੇ ਸੱਭੇ
ਇਹਨਾਂ ਨਜ਼ਮਾਂ 'ਚ ਲਿਖੀਆਂ ਸਨ।
ਐਪਰ
ਭੁਲੇਖਾ ਲਹਿ ਗਿਆ ਇਹ ਵੀ
ਤੂੰ ਇਹਨਾਂ ਨਜ਼ਮਾਂ ਨੂੰ ਪੜ੍ਹ ਕੇ
ਰਤਾ ਕੁ ਮੁਸਕ੍ਰਾਈ ਤੇ ਕਿਹਾ-
"ਇਸ ਜ਼ਮਾਨੇ ਵਿਚ ਇਸ ਤਰ੍ਹਾਂ ਦੀਆਂ
ਗੱਲਾਂ ਦਾ ਕੀ ਫ਼ਾਇਦਾ?"
ਤੇ ਹੁਣ ਜਦੋਂ-
ਜੇਠ ਹਾੜ ਦੀ ਰੁੱਤੇ
ਕਾਂਬਾ ਛਿੜ ਰਿਹੈ ਮੈਨੂੰ
ਤਾਂ ਦਿਲ ਕਰਦੈ
ਹਸਰਤਾਂ ਦੇ ਸਿਵੇ ਵਿਚ ਸੁੱਟ ਕੇ
ਆਪਣੀਆ ਸਭ ਨਜ਼ਮਾਂ ਜਲਾ ਦੇਵਾਂ
ਉਹਨਾਂ ਦੀ ਅੱਗ ਨੂੰ ਸੇਕਾਂ
ਸਿਵਾ ਬਲਦਾ ਰਹੇ ਮੇਰਾ
ਸਿਵਾ ਠੰਡਾ ਨਾ ਹੋ ਜਾਵੇ
ਮੈਂ ਹੁਣ ਨਜ਼ਮਾਂ ਨਹੀਂ ਲਿਖਦਾ
ਬਸ ਆਪਣੇ ਸਿਵੇ ਵਿਚ
ਕੁਝ ਬਾਲਣ ਰੋਜ਼ ਪਾਉਂਦਾ ਹਾ।

## ਬਸ ਇਕ ਵਾਰ

ਬਸ ਇਕ ਵਾਰ ਫਿਰ ਮੈਨੂੰ
ਆਪਣੇ ਸੁਨਹਿਰੇ ਵਾਲਾਂ ਵਿਚ
ਜੀਅ ਭਰ ਕੇ ਫੇਰ ਲੈਣ ਦੇ ਉਂਗਲਾਂ
ਸੁੰਘ ਲੈਣ ਦੇ ਇਹਨਾਂ 'ਚੋਂ
ਰਾਤ ਰਾਣੀ ਦੀ ਮਹਿਕ
ਟੁੰਗ ਲੈਣ ਦੇ ਇਹਨਾਂ ਵਿਚ
ਗ਼ੁਲਾਬ ਦਾ ਇਕ ਫੁੱਲ ਸੂਹਾ ਟਹਿਕਦਾ
ਮਾਣ ਲੈਣ ਦੇ ਆਪਣੇ ਗੋਰੇ ਹੱਥਾਂ ਦੀ
ਕੂਲੀ ਨਿੱਘੀ ਤੇ ਚੁੰਬਕੀ ਛੁਹ
ਆਪਣੇ ਮ੍ਰਿਗ ਨੈਣਾਂ ਵਿਚ
ਵੇਖ ਲੈਣ ਦੇ ਰੱਜ ਕੇ।
ਏਨਾਂ ਕੁ ਡੁੱਬ ਜਾਣ ਦੇ
ਇਹਨਾਂ ਦੇ ਡੂੰਘੇ ਪਾਣੀਆਂ ਵਿਚ
ਕਿ ਫਿਰ ਤੂੰ ਵੀ ਬਾਹਰ ਨਾ ਕੱਢ ਸਕੇਂ
ਤਲੀਆਂ ਵਿਚ ਫੜ ਲੈਣ ਦੇ
ਆਪਣਾ ਪੁੰਨਿਆਂ ਦਾ ਚੰਨ ਜਿਹਾ ਚਿਹਰਾ
ਆਪਣੇ ਸੁੱਚੇ ਹੋਠਾਂ ਦੀ ਨੈਂ 'ਚੋਂ
ਪੀ ਲੈਣ ਦੇ ਕੁਝ ਘੁੱਟ ਅੰਮ੍ਰਿਤ ਦੇ
ਮੇਰੇ ਸਾਹਾਂ 'ਚ ਰਚ ਜਾਣ ਦੇ
ਆਪਣੇ ਜਿਸਮ ਦੀ ਭਿੰਨੀ ਮਹਿਕ
ਫਿਰ ਤੂੰ ਭਾਵੇਂ ਕਿਧਰੇ ਵੀ ਚਲੀ ਜਾਵੀਂ
ਪਰ ਸਦਾ, ਮੇਰੇ ਪਾਸ ਹੋਵੇਂਗੀ।

## ਵਿਦਾਇਗੀ ਬੋਲ

ਤੇਰੇ ਗੱਲ ਲਗ
ਰੱਜ ਕੇ ਰੋਣ ਨੂੰ ਜੀਅ ਕਰਦਾ ਹੈ
ਕਾਸ਼ ਕਦੀ ਤੂੰ
ਮੇਰੇ ਅੰਦਰ ਝਾਤੀ ਮਾਰੇਂ
ਮੇਰੇ ਵਗਦੇ ਅੱਥਰੂ ਪੂੰਝੇਂ
ਤੇ ਜ਼ਖ਼ਮਾਂ ਤੇ ਮਰ੍ਹਮ ਲਾਵੇਂ
ਕਾਸ਼ ਕਦੀ ਤੂੰ ਜਾਣ ਸਕੇਂ ਕਿ
ਨਿੱਕੀ ਜਿਹੀ ਇਸ ਜਿੰਦੂ ਅੰਦਰ
ਗ਼ਮ ਦਾ ਕਿੱਡਾ
ਬੇਥਾਹ ਸਾਗਰ ਉਛਲ ਰਿਹਾ ਹੈ।
ਦਾਣਿਆਂ ਵਾਂਗੂੰ
ਬਿਰਹੋਂ ਦੀ ਭਠਿਆਰਨ ਮੈਨੂੰ
ਰੋਜ਼ ਕੜਾਹੀ ਵਿਚ ਭੁੰਨਦੀ ਹੈ
ਆਸ ਮੇਰੀ ਨਿੱਤ
ਤੇਰੀਆਂ ਪੈੜਾਂ ਲਭਦੀ ਲਭਦੀ
ਤਪਦੇ ਥਲ ਵਿਚ ਸੜ ਜਾਂਦੀ ਹੈ
ਪੀੜਾਂ ਭਰਿਆ ਜ਼ਹਿਰ ਪਿਆਲਾ
ਰੋਜ਼ ਹੀ ਮੈਨੂੰ ਪੀਣਾ ਪੈਂਦੈ
ਨਿੱਤ ਸੋਚਾਂ ਦੇ ਚੜ੍ਹੇ ਝਨਾਂ ਵਿਚ
ਗੋਤੇ ਖਾਂਦਾ ਮੈਂ ਡੁੱਬਦਾ ਹਾਂ
ਤੇਰੇ ਬਾਝੋਂ ਕੌਣ ਹੈ ਮੇਰਾ
ਜਿਸ ਨੂੰ ਆਪਣਾ ਦਰਦ ਸੁਣਾਵਾਂ

ਬਸ ਇਕ ਤੇਰੇ ਮੁੱਖ ਦੀ ਖਾਤਿਰ
ਨਰਕੋਂ ਭੈੜੀ ਜੂਨ ਸੱਜਣ ਜੀ
ਭੋਗ ਰਿਹਾ ਹਾਂ।
ਹੁਣ ਤਾਂ ਇਹੋ ਦਿਲ ਕਰਦਾ ਹੈ
ਜੇ ਮਿਲ ਜਾਵੇਂ
ਤੇਰੇ ਗਲ ਲਗ ਰਜ ਕੇ ਰੋਵਾਂ
ਮਨ ਦੇ ਸੁੱਚੇ ਕਾਗ਼ਜ਼ ਉੱਤੇ
ਪਿਆਰ ਤੇਰੇ ਦੇ ਫੁੱਲ ਜੋ ਪਾਏ
ਤੇਰੀ ਭੇਟ ਚੜ੍ਹਾ ਕੇ ਸਾਰੇ
ਸਦਾ ਲਈ ਵਿਦਿਆ ਹੋ ਜਾਵਾਂ
ਤੇਰੀ ਆਪਣੀ ਲਾਚਾਰੀ ਹੈ
ਜਿਹੜੇ ਵੇਲੇ ਇਕ ਦੂਜੇ ਨੂੰ
ਅਸੀਂ ਮਿਲੇ ਸਾਂ
ਉਸ ਤੋਂ ਪਿਛੋਂ ਕਿੰਨਾ ਕੁ ਚਿਰ
ਅਸੀਂ ਇਕੱਠੇ ਜਾ ਸਕਦੇ ਸਾਂ
ਕਿਸੇ ਸਰਾਪੀ ਰੂਹ ਦੇ ਵਾਂਗੂ
ਖਵਰੇ ਕਿਹੜੇ ਜਨਮਾਂ ਦੀ
ਇਹ ਸਜ਼ਾ ਮਿਲੀ ਹੈ।
ਇਕ ਦੂਜੇ ਨੂੰ ਪਾ ਕੇ ਫੇਰ ਗਵਾ ਬੈਠੇ ਹਾਂ
ਇਕ ਪਲ ਵੀ ਹੁਣ ਚੈਨ ਨਹੀਂ ਹੈ।
ਅੰਤਿਮ ਸਫ਼ਰ ਕਰਨ ਤੋਂ ਪਹਿਲਾਂ
ਤੇਰੇ ਗਲ ਲਗ
ਰੱਜ ਕੇ ਰੋਣ ਨੂੰ ਜੀਅ ਕਰਦਾ ਹੈ
ਤੈਥੋਂ ਸੱਖਣਾ ਜੀਵਨ ਜੀਅ ਕੇ ਕੀ ਲੈਣਾ ਏਂ?

## ਮਨ ਦਾ ਸ਼ੀਸ਼ਾ

ਤੇਰੇ ਮਿਲਣ ਤੋਂ ਪਹਿਲਾਂ
ਮੇਰੇ ਮਨ ਦੇ ਸ਼ੀਸ਼ੇ 'ਤੇ
ਅਨੇਕਾਂ ਚਿਹਰਿਆਂ ਦੇ
ਅਕਸ ਤਰਦੇ ਸਨ।
ਤੇਰੇ ਮਿਲਣ ਤੋਂ ਪਿਛੋਂ
ਮੇਰੇ ਇਸ ਮਨ ਦੇ ਸ਼ੀਸ਼ੇ 'ਤੇ
ਤੇਰਾ ਬਸ ਅਕਸ ਬਾਕੀ ਹੈ
ਕਿਸੇ ਤਸਵੀਰ ਦੇ ਲਈ
ਹੁਣ ਕੋਈ ਨੁਕਰ ਨਹੀਂ ਖਾਲੀ।

## ਅੰਤਰ

ਮੇਰੀ ਰੂਹ ਤਾਂ ਰੋਜ਼ ਰਾਤ ਨੂੰ
ਤੇਰੇ ਘਰ ਦੇ ਬੰਦ ਬੂਹੇ 'ਤੇ
ਸੱਧਰਾਂ ਦੇ ਸੱਜਰੇ ਫੁੱਲ ਧਰ ਕੇ
ਝੀਥਾਂ ਵਿਚੋਂ ਝਾਤੀ ਪਾ ਕੇ
ਦਸਤਕ ਦੇ ਕੇ ਸਿਜਦਾ ਕਰ ਕੇ
ਤੇਰੇ ਦਰ ਦੀ ਮਿੱਟੀ ਚੁੰਮ ਕੇ
ਵਾਪਸ ਮੁੜ ਕੇ ਆ ਡਿਗਦੀ ਹੈ
ਇਕ ਤੂੰ ਹੈਂ ਕਿ ਇੰਤਜ਼ਾਰ ਵਿਚ
ਖੁਲ੍ਹੇ ਦਰ ਨੂੰ ਬਿਨ ਤਕਿਆਂ ਹੀ
ਕੋਲੋਂ ਲੰਘ ਕੇ ਤੁਰ ਜਾਂਦੀ ਹੈਂ
ਤੇਰੇ ਤੇ ਮੇਰੇ ਵਿਚ
ਏਨਾ ਕੁ ਹੀ ਤਾਂ ਅੰਤਰ ਹੈ।

## ਰੂਹ ਦਾ ਟੋਟਾ

ਤੇਰੇ ਮਿਲਣ ਤੇ ਇਉਂ ਲਗਿਆ ਸੀ
ਆਪਣੀ ਰੂਹ ਦਾ ਜਿਵੇਂ ਗਵਾਚਾ
ਟੋਟਾ ਮੈਨੂੰ ਲਭ ਗਿਆ ਹੈ
ਉਸ ਦਿਨ ਮੈਨੂੰ ਪਹਿਲੀ ਵਾਰੀ
ਆਪਣਾ ਆਪ ਸੀ ਪੂਰਨ ਲਗਿਆ।
ਪਰ ਹੁਣ ਤੇਰੇ ਵਿਛੜਣ ਪਿਛੋਂ
ਫੇਰ ਅਧੂਰੇ ਰਹਿ ਜਾਣਾ ਏਂ
ਸਾਰੀ ਉਮਰ ਭਟਕਣਾ ਪੈਣੈਂ
ਪਰ ਮੇਰੀ ਭਟਕਣ ਨਹੀਂ ਮੁਕਣੀ।

## ਸਮਰਪਿਤ

ਮੇਰੀ ਹਰ ਕਵਿਤਾ
ਹਰ ਗੀਤ, ਹਰ ਗ਼ਜ਼ਲ
ਉਸ ਸੁੰਦਰਾਂ ਨੂੰ ਸਮਰਪਿਤ ਹੈ
ਜਿਸ ਦਾ ਨਾਂ ਹਰ ਰੋਜ਼ ਹਜ਼ਾਰਾਂ ਵਾਰ
ਮੇਰੇ ਬੁਲ੍ਹਾਂ ਤੇ ਆਉਂਦਾ ਹੈ
ਜਿਸ ਦਾ ਨਾਂ ਮੇਰੇ ਦਿਲ ਦੀ ਤਖ਼ਤੀ 'ਤੇ
ਐਸਾ ਲਿਖਿਆ ਗਿਆ ਹੈ
ਕਿ ਹੁਣ ਹੋਰ ਕੋਈ ਨਾਂ
ਉਥੇ ਲਿਖਿਆ ਨਹੀਂ ਜਾਣਾ।
ਮਰੀਅਮ ਵਰਗੀ ਪਵਿੱਤਰ
ਤੇ ਕੰਵਲ ਵਰਗੀ ਕੋਮਲ
ਉਸ ਨਿਰਦੋਸ਼ ਕੁੜੀ ਦਾ ਨਾਂ
ਜੇ ਭੁਲ ਕੇ ਵੀ ਲਿਖ ਦਿਤਾ
ਤਾਂ ਜ਼ਮਾਨੇ ਨੇ ਉਸ ਨੂੰ ਤੇ ਮੈਨੂੰ
ਦੋਸ਼ੀ ਬਣਾ ਦੇਣੈ।
ਮੇਰੇ ਲਈ ਉਹ ਵੀਨਸ ਹੈ

ਉਹ ਵੀਣਾ ਹੈ, ਉਹ ਪਾਰੋ ਹੈ
ਉਹ ਊਸ਼ਾ ਹੈ, ਉਹ ਪੂਨਮ ਹੈ
ਜਦੋਂ ਪ੍ਰਭਾਤ ਹੁੰਦੀ ਹੈ-
ਮੈਂ ਉਸ ਦਾ ਨਾਮ ਜਪਦਾ ਹਾਂ
ਤੇ ਸੰਧਿਆ ਵੇਲੇ
ਉਤਾਰਦਾ ਹਾਂ ਆਰਤੀ ਉਸ ਦੀ
ਤੇ ਰਾਤੀਂ ਜਦੋਂ ਸਾਰਾ ਆਲਮ
ਸੌਂ ਰਿਹਾ ਹੁੰਦੈ
ਮੈਂ ਉਸ ਨੂੰ ਚੰਨ ਦੀਆਂ ਰਿਸ਼ਮਾਂ
ਅਤੇ ਪੌਣਾਂ ਹੱਥ
ਸੁਨੇਹੇ ਰੋਜ਼ ਘਲਦਾ ਹਾਂ।
ਕੁੜੀ ਜੋ ਮੇਰੀ ਮਹਿਬੂਬਾ ਹੀ ਨਹੀਂ
ਮੇਰੇ ਲਈ ਸਭ ਕੁਝ ਹੈ
ਮੇਰੀ ਹਰ ਕਵਿਤਾ, ਹਰ ਗੀਤ ਹਰ ਗ਼ਜ਼ਲ
ਉਸ ਦਿਲ ਦੀ ਸ਼ਹਿਜ਼ਾਦੀ ਨੂੰ ਸਮਰਪਿਤ ਹੈ।

## ਮੌਤ-ਹਨੇਰ

ਹੱਸਦੀ ਹੱਸਦੀ ਊਸ਼ਾ ਆਈ
ਕੇਸਰ ਤੁਰੀਆਂ ਦਾ ਮੀਂਹ ਵਸਿਆ
ਮਹਿਕ ਸੁਗੰਧਾਂ ਚਾਰ ਚੁਫੇਰੇ
ਦਿੱਤੀਆਂ ਓਸ ਖਲੇਰ।
ਚਾਂਦੀ ਦੀ ਉਸ ਸਾੜ੍ਹੀ ਲਾਈ
ਸੂਰਜ ਅੰਬਰ ਚਰਖਾ ਡਾਹਿਆ
ਤੰਦ ਕਿਰਨਾਂ ਦੇ ਕੱਢਣ ਲਗੀ
ਦੇ ਦੇ ਛੁਹਲੇ ਗੇੜ !
ਨਿੱਘੀਆਂ ਨਿੱਘੀਆਂ ਧੁੱਪਾਂ ਆਈਆਂ
ਠੁਰ ਠੁਰ ਕਰਦੀ ਜਿੰਦੜੀ ਟਹਿਕੀ
ਜਿੱਦਾਂ ਕਿਸੇ ਬਗੀਚੇ ਦੇ ਵਿਚ
ਟਹਿਕਣ ਫੁੱਲ ਕਨੇਰ।
ਜੋਬਨ ਸਿਖਰ ਦੁਪਹਿਰੋਂ ਪਹਿਲਾਂ
ਹਾਏ ! ਧਰਤੀ ਦੀ ਚਾਲ ਬਦਲ ਗਈ
ਪਲ ਹੀ ਪਲ ਵਿਚ ਆਥਣ ਹੋ ਗਈ
ਝੁੱਲਿਆ ਮੌਤ-ਹਨੇਰ।
ਪੱਛਮ ਦੇ ਵਿਚ ਬਲਦਾ ਭਾਂਬੜ
ਸਾੜ ਗਿਆ ਧਰਤੀ ਤੇ ਅੰਬਰ
ਪੈ ਗਈ ਰਾਤ ਉਮਰ ਤੋਂ ਲੰਮੀ
ਆਉਣੀ ਨਹੀਂ ਸਵੇਰ।

## ਬਿਰਹੋਂ ਦੇ ਛਾਲੇ

ਬਿਰਹੋਂ ਦੇ ਛਾਲਿਆਂ ਨੂੰ
ਵੇਖੇਗਾ ਜਦ ਕਦੀ ਉਹ
ਭਾਵੇਂ ਨਾ ਮਰ੍ਹਮ ਲਾਵੇ
ਕਰੇਗਾ ਚਾਰ ਹੰਝੂ
ਇਕ ਆਹ ਉਹ ਭਰੇਗਾ
ਅਫ਼ਸੋਸ ਜਦ ਸਰਾਪੀ
ਉਹ ਰੂਹ 'ਤੇ ਕਰੇਗਾ
ਤਾਂ ਪੀੜਾ ਕੁਝ ਹਰੇਗਾ
ਤੇ ਪੀੜ ਕੁਝ ਜਰੇਗਾ।
ਕਿਸ ਅੱਗ 'ਚ ਸੜ ਰਿਹਾ ਹਾਂ
ਕਿੰਨੀ ਹੈ ਤਪਸ਼ ਉਸ ਦੀ
ਖ਼ੁਦ ਜਾਣ ਉਹ ਲਵੇਗਾ
ਪੋਟੇ ਕਦੀ ਜੇ ਆਪਣੇ
ਇਹਨਾਂ ਤੇ ਉਹ ਧਰੇਗਾ
ਬਿਰਹੋਂ ਦੇ ਛਾਲਿਆਂ ਨੂੰ
ਵੇਖੇਗਾ ਜਦ ਕਦੀ ਉਹ
ਭਾਵੇਂ ਨਾ ਮਰ੍ਹਮ ਲਾਵੇ
ਕੇਰੇਗਾ ਚਾਰ ਹੰਝੂ
ਇਕ ਆਹ ਉਹ ਭਰੇਗਾ।

## ਇਸ਼ਕ

ਉਹ ਕੀ ਸਮਝਣ ਇਸ਼ਕ ਨੂੰ
ਸਮਝਣ ਜੋ ਇਸ ਨੂੰ ਦਿਲ ਲਗੀ
ਮਹਿਬੂਬ ਹੁੰਦਾ ਹੈ ਖ਼ੁਦਾ
ਤੇ ਯਾਦ ਉਸ ਦੀ ਬੰਦਗੀ।
ਇਸ਼ਕ ਦੇ ਜਜ਼ਬੇ ਦੀ ਕੋਈ
ਵੀ ਕਿਤੇ ਸੀਮਾਂ ਨਹੀਂ
ਇਸ਼ਕ ਹੈ ਮਸਤੀ ਦਾ ਆਲਮ
ਇਸ਼ਕ ਹੈ ਦੀਵਾਨਗੀ।
ਇਸ਼ਕ ਵਿਚ ਰਹਿੰਦੀ ਕਿਸੇ ਦੇ
ਨਾਲ ਨਾਹੀਂ ਦੁਸ਼ਮਣੀ
ਇਸ਼ਕ ਹੈ ਜੀਣਾ ਕਿਸੇ ਲਈ
ਇਸ਼ਕ ਹੈ ਜਿੰਦ ਵਾਰਨੀ।
ਇਸ਼ਕ ਹੈ ਐਸੀ ਜਵਾਲਾ
ਜੋ ਕਦੀ ਬੁਝਦੀ ਨਹੀਂ
ਇਸ਼ਕ ਦੀ ਹੀ ਲੋਅ ਨੇ ਕੀਤੀ
ਹੈ ਦਿਲਾਂ ਵਿਚ ਰੌਸ਼ਨੀ।

## ਸਾਨੂੰ ਬਿਰਹੋਂ ਨਾਗਨ ਰੋਜ਼ ਲੜੀ

ਜਦ ਵੀ ਗੀਤਾਂ ਦੀ ਚਾਹ ਕੀਤੀ
ਵੈਣਾਂ ਨੇ ਸਾਡੀ ਝੋਲ ਭਰੀ
ਜਦ ਠੰਡੀ ਚਾਹੀ ਫੁਹਾਰ ਦਿਲੇ
ਹੰਝੂਆਂ ਨੇ ਲਾਈ ਹੋਰ ਝੜੀ।
ਜਦ ਮੰਜ਼ਿਲ ਰਹਿ ਗਈ ਨੇੜੇ ਹੀ
ਸਾਡੇ ਪੈਰ ਕਟੀਚੇ ਓਸ ਘੜੀ
ਕਰ ਹਿੰਮਤ ਜੇ ਕੁਝ ਰਿੜੇ ਅਸੀਂ
ਤਾਂ ਮੰਜ਼ਿਲ ਨਸ ਗਈ ਦੂਰ ਬੜੀ।
ਜਦ ਕਿਸੇ ਵੀ ਦਰਦ ਵੰਡਾਇਆ ਨਾ
ਪੀੜਾਂ ਬਾਂਹ ਸਾਡੀ ਆਣ ਫੜੀ
ਤੂੰ ਸੱਜਣਾਂ ਤੁਰ ਪਰਦੇਸ ਗਿਉਂ
ਸਾਨੂੰ ਬਿਰਹੋਂ ਨਾਗਨ ਰੋਜ਼ ਲੜੀ।
ਸਾਡਾ ਅੰਗ ਅੰਗ ਨੀਲਾ ਹੋ ਚਲਿਐ।
ਸਾਡੇ ਪੋਟੇ ਪੋਟੇ ਵਿਸ ਚੜ੍ਹੀ
ਕੁਝ ਪਲ ਦੀ ਜਿੰਦ ਪ੍ਰਾਹੁਣੀ ਏਂ
ਆ ਚਲੀ ਨੇੜੇ ਅੰਤ ਘੜੀ।
ਲੈ ਟੁੱਟੇ ਸੁਪਨੇ ਅੱਖੀਆਂ ਵਿਚ
ਪੁੱਜ ਚੱਲੇ ਆਪਣੀ ਆਪ ਮੜ੍ਹੀ
ਜਦ ਵੀ ਗੀਤਾਂ ਦੀ ਚਾਹ ਕੀਤੀ
ਵੈਣਾਂ ਨੇ ਸਾਡੀ ਝੋਲ ਭਰੀ।

## ਹੂਕ

ਜੇ ਨਾ ਦਿਲ ਦਾ ਮਹਿਰਮ ਮਿਲਿਆ
ਕਿਸ ਕੰਮ ਸਾਡਾ ਜੀਣਾ ਹੂ।
ਨੀਂਦਰ ਭੁੱਖ ਆਰਾਮ ਗਿਆ ਸਭ
ਮੁਕਿਆ ਖਾਣਾ ਪੀਣਾ ਹੂ।
ਬਿਰਹੋਂ ਬੁਲ੍ਹੇ ਆਣ ਖਿੰਡਾਂਦੇ
ਨਿੱਤ ਸਾਹਾਂ ਦਾ ਚੀਣਾ ਹੈ ।
ਮਹਿਰਮ ਬਾਝੋਂ ਫੱਟ ਜਿਗਰ ਦਾ
ਹੋਰ ਕਿਸੇ ਨਾ ਸੀਣਾ ਹੂ।
ਇਸ਼ਕ ਜਿਹਾ ਕੋਈ ਰੋਗ ਨਾ ਦਿਲ ਦਾ
ਨਾ ਇਸ ਵਰਗਾ ਦਾਰੂ ਹੂ
ਇਸ਼ਕ ਝਨਾਂ ਦਾ ਪਾਣੀ ਡੂੰਘਾ
ਡੁੱਬ ਜਾਂਦੇ ਸੈ ਤਾਰੂ ਹੂ ।
ਇਸ਼ਕ ਦਾ ਡਾਢਾ ਬਿਖੜਾ ਪੈਂਡਾ
ਝੱਖੜ ਝੁਲਦੇ ਮਾਰੂ ਹੂ ।
ਇਸ਼ਕ ਦੀ ਬਾਜ਼ੀ ਸੋਈਓ ਜਿਤਦਾ
ਜਿਹੜਾ ਆਪਾ ਵਾਰੂ ਹੂ।
ਤੈਨੂੰ ਮਿਲਿਆਂ ਬਾਝ ਵੇ ਸੱਜਣਾਂ
ਚੈਨ ਕਿਵੇਂ ਦਸ ਆਵੇ ਹੂ।
ਰੋਜ਼ ਅਸਾਨੂੰ ਹਿਜਰ ਤੇਰੇ ਦਾ
ਝੋਰਾ ਵੱਢ ਵੱਢ ਖਾਵੇ ਹੂ
ਤੈਂ ਜੋ ਲਾਇਆ ਰੋਗ ਅਵਲੜਾ
ਕਿਹੜਾ ਵੈਦ ਹਟਾਵੇ ਹੂ ।
ਪਰ ਸੱਜਣਾਂ ਜੇ ਤੂੰ ਮਿਲ ਜਾਵੇਂ
ਰੱਬ ਸਾਨੂੰ ਮਿਲ ਜਾਵੇ ਹੂ।

## ਸੁੰਦਰਾਂ

ਸੋਚਦਾ ਹਾਂ
ਤੈਨੂੰ ਕਿਸ ਨਾਂ ਨਾਲ ਸੰਬੋਧਨ ਕਰਾਂ
ਤੇ ਆਪਣੇ ਆਪ ਨੂੰ ਕੀ ਆਖਾਂ
ਪਰ ਮੈਨੂੰ ਜਾਪਦਾ ਹੈ
ਤੂੰ ਓਹੀ ਸੁੰਦਰਾਂ ਹੈਂ
ਜਿਸ ਦੀਆਂ ਨਜ਼ਰਾਂ 'ਚ
ਪਿਆਰ ਦੇ ਸਾਗਰ ਉਛਲਦੇ ਸਨ
ਜਿਸ ਦੀ ਮੁਹੱਬਤ
ਰੱਬ ਤੋਂ ਵੀ ਸੁੱਚੀ ਸੀ
ਜਿਸ ਦੀ ਮੁਹੱਬਤ
ਕੁਲ ਅੰਬਰਾ ਤੋਂ ਉੱਚੀ ਸੀ
ਤੇ ਜੋ ਪਿਆਰ ਤੋਂ ਸਿਵਾ
ਹੋਰ ਕੁਝ ਨਹੀਂ ਸੀ ਜਾਣਦੀ
ਜਿਸ ਦੇ ਸਿਦਕ ਨੇ ਜਿੱਤ ਲਿਆ ਸੀ
ਗੁਰੂ ਗੋਰਖ ਦਾ ਮਨ
ਨਾਥ ਨੇ ਤਰੁੱਠ ਕੇ ਫੜਾ ਦਿੱਤੀ ਸੀ
ਜਿਸ ਨੂੰ ਮੇਰੀ ਬਾਂਹ।
ਤੂੰ ਓਹੀ ਸੁੰਦਰਾਂ ਹੈਂ

ਤੇ ਮੈਂ ਤੈਨੂੰ ਸ਼ਾਖਸ਼ਾਤ ਰੱਬ ਨੂੰ
ਛੱਡ ਕੇ ਦੌੜ ਆਇਆ ਸਾਂ
ਕਲਪਤ ਰੱਬ ਨੂੰ ਪਾਣ ਦੀ ਖ਼ਾਤਿਰ
ਤੇ ਮੈਂ ਓਹੀ ਪੂਰਨ ਹਾਂ
ਨਾਂ ਦਾ ਪੂਰਨ, ਉਂਞ ਅਪੂਰਨ
ਮੈਨੂੰ ਮੁਆਫ਼ ਕਰੀਂ ਸੁੰਦਰਾਂ
ਮੈਂ ਉਦੋਂ ਨਾਦਾਨ ਸੀ
ਮੈਨੂੰ ਕੀ ਪਤਾ ਸੀ ਕਿ
ਪਿਆਰ ਸੁੰਦਰਤਾ ਤੋਂ ਵੱਖਰਾ
ਕੋਈ ਨਾ ਰੱਬ ਤੇ ਗਿਆਨ
ਇਹਨਾਂ ਲਈ ਤਾਂ ਤਰਸਦੇ ਹਨ
ਇੰਦਰ ਸ਼ਿਵਜੀ ਤੇ ਕਾਹਨ
ਸੁੰਦਰਾਂ ! ਤੇਰੇ ਬਗ਼ੈਰ
ਮੈਨੂੰ ਸ਼ਾਂਤੀ ਕਿੰਝ ਮਿਲ ਸਕਦੀ ਸੀ
ਮੇਰੇ ਮੱਥੇ ਤੇ ਲਗਾ ਕਲੰਕ
ਅਜੇ ਤਕ ਨਹੀਂ ਮਿਟਿਆ
ਤੇ ਮੈਂ ਜਨਮ ਜਨਮ ਤੋਂ
ਭਟਕਦਾ ਰਿਹਾ ਹਾਂ ਤੇਰੀ ਤਲਾਸ਼ ਵਿਚ।
ਅੱਜ ਫਿਰ ਕਈ ਸਦੀਆਂ ਤੋਂ ਬਾਅਦ
ਤੂੰ ਮਿਲੀ ਹੈਂ
ਤੇਰਿਆਂ ਨੈਣਾਂ 'ਚ ਹੈ ਓਹੀ ਲਿਸ਼ਕ
ਹੋ ਰਹੀ ਹੈ, ਇਹਨਾਂ ਚੋਂ ਮੁੜ ਤਾਰਿਆਂ ਦੀ ਬਾਰਸ਼
ਤੇਰਿਆਂ ਬੋਲਾਂ 'ਚ ਹੈ
ਉਹੀ ਮਿਠਾਸ, ਉਹੀ ਮਹਿਕ
ਤੇਰੇ ਗੁਲਾਬ ਦੀਆਂ ਪੱਤੀਆਂ ਵਰਗੇ
ਹੋਠਾਂ ਤੇ ਹੈ ਉਹੀ ਮਧੁਰ ਮੁਸਕਾਨ
ਕੰਵਲ ਫੁੱਲ ਵਾਂਗ ਖਿੜਿਆ ਤੇਰਾ ਮੁੱਖ
ਚਾਂਦਨੀ ਵਰਗਾ ਹੈ ਤੇਰਾ
ਮਖ਼ਮਲੀ, ਬਿਲੌਰੀ ਬਦਨ
ਸ਼ਰਬਤੀ ਨੈਣਾਂ 'ਚ ਤੇਰੇ

ਮਚਲਦਾ ਚੰਚਲ ਪਿਆਰ
ਲੈ ਰਹੇ ਅੰਗੜਾਈ
ਤੇਰੀ ਹਿੱਕ ਵਿਚ ਸੁਪਨੇ ਹਜ਼ਾਰ।
ਮੇਰੀ ਪਿਆਰੀ ਸੁੰਦਰਾਂ
ਤੂੰ ਨਿਰਮਲ, ਨਿਰਛਲ
ਤੇ ਨਿਰੀ ਨਿਰਦੋਸ਼ ਹੈਂ
ਸਵਿੱਤਰੀ, ਪਦਮਨੀ ਵਰਗੀ ਹੈਂ
ਤੇਰੀ ਸੱਚੀ ਹੈ ਪਵਿੱਤਰ ਵਫ਼ਾ
ਨਹੀਂ ਤਾਂ ਹੁਣ ਮੇਰੇ ਵਿਚ ਕੀ ਹੈ
ਕਿੱਥੇ ਮੈਂ ਤੇ ਕਿੱਥੇ ਤੂੰ
ਰੂਪ ਦੀ ਅਪਸਰਾ
ਪਰ ਤੇਰੀਆਂ ਨਜ਼ਰਾਂ ਨੇ
ਲਿਆ ਹੈ ਮੈਨੂੰ ਪਛਾਣ
ਤੇ ਆਪਣੀਆਂ ਨਜ਼ਰਾਂ ਦੇ ਨਾਲ
ਬੁਝਾ ਦਿਤੀ ਹੈ ਮੇਰੀ ਪਿਆਸ
ਕਿੰਨਾ ਵਿਸ਼ਾਲ ਹਿਰਦਾ ਹੈ ਤੇਰਾ
ਐਪਰ ਮੇਰੀ ਸੁੰਦਰਾਂ
ਹੁਣ ਉਹ ਯੁੱਗ ਨਹੀਂ
ਕਿ ਤੂੰ ਮੈਨੂੰ ਨਿਧੜਕ
ਆਪਣੇ ਨਾਲ ਲੈ ਜਾਵੇਂ
ਉਂਝ ਅਸੀਂ ਕਹਿਣ ਨੂੰ ਤਾਂ
ਬਹੁਤ ਉਨਤੀ ਕਰ ਲਈ ਹੈ
ਬਹੁਤ ਸਭਿਅਕ ਹੋ ਗਏ ਹਾਂ
ਪਰ ਅਜੇ ਤੇਰੇ ਵਰਗੀ
ਕੌਲਾਂ ਜਾਂ ਮੀਸ਼ਾ ਨੂੰ
ਸਿਰਫ਼ ਇਸ ਲਈ
ਕਰ ਦਿਤਾ ਜਾਂਦਾ ਹੈ ਖ਼ਤਮ
ਕਿ ਉਹਨਾਂ ਨੇ

ਆਪਣਾ ਹਮ-ਸਫ਼ਰ ਚੁਣਿਆ ਸੀ ਆਪ
ਉਦੋਂ ਤਾਂ ਤੂੰ ਮੈਥੋਂ
ਸਿਰਫ਼ ਉਂਗਲ ਕੁ ਵੱਡੀ ਸੀ
ਪਰ ਹੁਣ ਮੈਂ ਤੈਥੋਂ ਦੋ ਗਿੱਠ ਵੱਡਾ ਹਾਂ
ਉਂਝ ਭਾਵੇਂ ਜਦ ਦੋ ਦਿਲ ਮਿਲਦੇ ਹਨ
ਉਮਰ ਤੇ ਜ਼ਾਤ ਦੀ ਕੋਈ ਪਰਵਾਹ ਨਹੀਂ ਕਰਦੇ।
ਪਰ ਅਜੇ ਵੀ ਸਾਡਾ ਸਮਾਜ
ਕਦ ਸਹਿਣ ਕਰਦਾ ਹੈ ਇਹ
ਆਜ਼ਾਦੀ ! ਉਹ ਤਾਂ ਸਿਰਫ਼
ਕਾਗਜ਼ਾਂ ਤੇ ਲਿਖੇ
ਕਾਲੇ ਅੱਖਰਾਂ ਤਕ ਸੀਮਤ ਹੈ
ਅਜੇ ਜ਼ਿਹਨੀ ਤੌਰ ਤੇ
ਅਸੀਂ ਹਾਂ ਓਵੇਂ ਗ਼ੁਲਾਮ
ਜਿਥੇ ਰੂਹ ਦੀ ਤ੍ਰਿਪਤੀ ਲਈ
ਪਿਆਰ ਦੀ ਆਜ਼ਾਦੀ ਨਹੀਂ
ਪੇਟ ਦੀ ਅੱਗਨੀ ਲਈ ਰੋਟੀ ਨਹੀਂ
ਕਿਰਤੀਆਂ ਦੇ ਕਰਨ ਲਈ ਕੰਮ ਨਹੀਂ
ਜੇ ਕੰਮ ਹੈ ਤਾਂ, ਓਸ ਦੀ, ਸਹੀ ਉਜਰਤ ਨਹੀਂ
ਓਥੇ ਅਸਲ ਆਜ਼ਾਦੀ ਦਾ ਸੁਪਨਾ
ਕਿਵੇਂ ਹੋ ਸਕਦਾ ਹੈ ਸਾਕਾਰ।
ਸੁੰਦਰਾਂ ! ਮੈਂ ਤੇਰਾ ਕਿਸ ਤਰ੍ਹਾਂ ਕਰਜ਼ਾ ਚੁਕਾਵਾਂ
ਤੂੰ ਤਾਂ ਹੋ ਕੇ ਆਪਣੇ ਮਨ ਦਾ
ਭਾਰ ਹੌਲਾ ਕਰ ਲਿਆ ਹੈ
ਆਪਣੇ ਦਿਲ ਦਾ ਦਰਦ
ਮੈਂ ਕਿਸ ਨੂੰ ਸੁਣਾਵਾਂ
ਕਾਸ਼ ਮੇਰੀ ਮਜਬੂਰੀ ਨੂੰ
ਤੂੰ ਜਾਣ ਸਕਦੀ
ਕਿਸ ਤਰ੍ਹਾਂ ਸੰਗਲਾਂ 'ਚ ਮੈਂ ਹਾਂ ਜਕੜਿਆ

ਮੇਰੇ ਪਿੰਡੇ ਤੇ ਬੇਸ਼ਕ ਪੈ ਜਾਣ ਲਾਸਾਂ
ਪਰ ਤੇਰੇ ਨਾਜ਼ਕ ਬਦਨ 'ਤੇ
ਆਏ ਨਾ ਇਕ ਵੀ ਝਰੀਟ
ਅਜੇ ਵੀ ਸਾਡੇ ਸਿਰ ਤੇ ਹੈ ਕੋਈ ਸਰਾਪ
ਨਹੀਂ ਤਾਂ ਤੂੰ ਇਸ ਜਨਮ ਵਿਚ ਹੀ
ਮਿਲ ਜਾਣਾ ਸੀ ਪਹਿਲਾਂ
ਤੇਰੇ ਮੇਰੇ ਵਿਚਕਾਰ
ਇਹ ਜੋ ਦਹਿਲੀਜ਼ ਹੈ
ਇਹ ਸਾਗਰ ਤੋਂ ਵੀ ਚੌੜੀ ਹੈ
ਨਾ ਮੈਂ ਰਖ ਸਕਦਾ ਹਾਂ
ਇਸ ਤੋਂ ਅੱਗੇ ਕਦਮ
ਨਾ ਤੂੰ ਆ ਸਕਦੀ ਹੈਂ ਬਾਹਰ
ਪਰ ਤੇਰੇ ਕੰਵਲ ਨੈਣਾਂ 'ਚੋਂ
ਮੈਨੂੰ ਉਹ ਰੌਸ਼ਨੀ ਹੈ ਨਜ਼ਰ ਆਈ
ਜਿਸ ਦਾ ਝਲਕਾਰਾ ਸੀ ਗੌਤਮ ਨੇ
ਗਯਾ ਵਿਚ ਵੇਖਿਆ
ਹੁਣ ਨਹੀਂ ਮੈਂ
ਹੋਰ ਕਿਸੇ ਦਰ ਤੇ ਜਗਾਣੀ ਅਲਖ
ਤੇਰਾ ਤੂਰ ਦਾ ਜਲਵਾ ਵੇਖਣ ਤੋਂ ਪਿਛੋਂ
ਹੁਣ ਮੇਰੀ ਹੋਰ ਕੋਈ ਮੰਜ਼ਿਲ ਨਹੀਂ
ਸੁੰਦਰਾਂ, ਹੁਣ ਨਹੀਂ ਤਾਂ
ਫਿਰ ਕਿਸੇ ਜਨਮ ਵਿਚ
ਮਿਲਾਂਗੇ ਆਪਾਂ ਜ਼ਰੂਰ।

## ਤੇਰੇ ਬਾਝੋਂ, ਤੇਰੇ ਸਦਕੇ

ਸੇਕ ਬਿਰਹੋਂ ਦਾ ਝੱਲ ਨਾ ਸਕੀ
ਧੂੰਏਂ ਦੇ ਨਾਲ ਗਈ ਧੁਆਂਖੀ
ਰਹੀ ਜੋ ਧੁਖਦੀ ਜਿੰਦ ਅਸਾਡੀ
ਨੂਰ ਤੇਰੇ ਦੀਆਂ ਉਜਲੀਆਂ ਕਿਰਨਾਂ
ਇਸ ਤੋਂ ਜੰਮੀ ਕਾਲਖ ਲਾਹੀ
ਤੇਰੀ ਤਕਣੀ ਦੇ ਜਾਦੂ ਨੇ
ਨਵ-ਰੰਗਾਂ ਤੀ ਧੂੜ ਗੁਲਾਲੀ
ਅਜ ਇਸ ਨੂੰ ਲਿਸ਼ਕਾਇਆ।
ਮੇਰੇ ਤਨ ਦੀ ਵੰਝਲੀ ਵਿਚੋਂ
ਸੌਂ ਗਏ ਸਨ ਸਭ ਰਾਗ ਸੁਰੀਲੇ
ਆਈਆਂ ਕਈ ਸੁੰਗਧ ਸੁਮੀਰਾਂ
ਤੁਰ ਗਈਆਂ ਟਿੱਲ ਆਪਣਾ ਲਾ ਕੇ
ਅਜ ਉੱਛਲੇ ਕਿੰਜ ਇਸ 'ਚੋਂ ਆਪੇ
ਇਹ ਮਿੱਠੀਆਂ ਤਾਨਾਂ ਦੇ ਚਸ਼ਮੇਂ
ਤੇਰੀਆਂ ਬੁੱਲ੍ਹੀਆਂ ਨੇ ਜਦ ਇਸ ਨੂੰ
ਰਤਾ ਕੂ ਆਣ ਛੁਹਾਇਆ।
ਡੱਲ੍ਹਕਾਂ ਤੇਰੀ ਛੁਹ ਦੇ ਸਦਕੇ
ਰੂਪ ਅਸਾਂ ਤੇ ਮਾਰਨ ਲੱਗਾ
ਹਵਾ ਦੇ ਝੋਲੇ ਮੰਗਣ ਆਏ
ਸਾਡੇ ਅੰਗਾਂ ਤੋਂ ਖੁਸ਼ਬੋਆਂ
ਪੀ ਕੇ ਮਧੁਰ ਮਿਲਣ ਦੀ ਮਦਰਾ
ਸਾਡੇ ਨੈਣ ਸ਼ਰਾਬੀ ਹੋਏ
ਤੇਰੀ ਇਕ ਗਲਵੱਕੜੀ ਸੱਜਣਾਂ
ਅਸਲੋਂ ਹੀ ਨਸ਼ਿਆਇਆ।

## ਮਧੁਰ-ਯਾਦ

ਲੱਗੀ ਹੋਈ ਝੜੀ ਸੀ
ਕਿੰਨੀ ਸੁਹਾਣੀ ਚੰਨੀਏਂ
ਉਹ ਸ਼ਾਮ ਦੀ ਘੜੀ ਸੀ
ਤੈਨੂੰ ਮਿਲਣ ਜੀ ਜਦ ਮੈਂ
ਕਣੀਆਂ ਦੇ ਵਿਚ ਨਹਾ ਕੇ
ਤੇਰੇ ਦੁਆਰ ਆਇਆ।
ਤੇਰੇ ਹੁਸੀਨ ਮੁੱਖ ਦਾ
ਕਮਰੇ 'ਚ ਸੀ ਉਜਾਲਾ
ਏਸੇ ਲਈ ਸੀ ਖਵਰੇ
ਬਾਹਰ ਹਨੇਰ ਕਾਲਾ
ਸੀ ਤੇਰੇ ਹਾਸਿਆਂ ਨੇ
ਕਲੀਆਂ ਨੂੰ ਮਾਤ ਪਾਇਆ।
ਤੇਰਾ ਉਹ ਗੀਤ ਕੀ ਸੀ
ਜਾਦੂ ਹੀ ਤਾਂ ਨਿਰਾ ਸੀ
ਜ਼ੁਲਫ਼ਾਂ ਨੂੰ ਤੂੰ ਖਿੰਡਾ ਕੇ
ਨੈਣਾਂ 'ਚ ਨੈਣ ਪਾ ਕੇ
ਹੋ ਧੜਕਨਾਂ ਦੇ ਨੇੜੇ
ਗਾ ਕੇ ਸੀ ਜੋ ਸੁਣਾਇਆ।
ਠੰਡੀ ਮਧੁਰ ਨਸ਼ੀਲੀ
ਬਰਸਾਤ ਦੀ ਹਵਾ ਫਿਰ
ਯਾਦਾਂ ਲਿਆ ਰਹੀ ਏ
ਜਜ਼ਬੇ ਜਗਾ ਰਹੀ ਏ
ਰਸ ਭਿੰਨੜੇ ਮਿਲਣ ਦਾ
ਮੈਂ ਗੀਤ ਹੈ ਬਣਾਇਆ।
ਗਾ ਗਾ ਕੇ ਰਹਿ ਗਿਆ ਹਾਂ
ਐਪਰ ਨਹੀਂ ਤੂੰ ਆਈ
ਬਿਰਹੋਂ ਨੇ ਹੈ ਸਤਾਇਆ।

## ਫੁੱਲ ਕੰਵਲ ਦੇ

ਕਦੇ ਕਦੇ ਇਹ ਫੁੱਲ ਕੰਵਲ ਦੇ
ਦੂਰੋਂ ਅਤਿ ਪਿਆਰੇ ਲਗਦੇ ਨੇ
ਨੀਲੇ ਪਾਣੀਆਂ ਦੀ ਹਿੱਕੜੀ ਤੇ
ਤਰਦੇ ਨੱਚਦੇ ਰੰਗ ਇਹਨਾਂ ਦੇ
ਖਿੱਚਾਂ ਪਾ ਅਟਕਾ ਲੈਂਦੇ ਨੇ।
ਚੀਰ ਕੇ ਪਾਣੀ ਕੋਲ ਇਹਨਾਂ ਦੇ
ਐਪਰ ਜਦ ਕੋਈ ਜਾਣਾ ਚਾਹੇ
ਖਿੜ ਖਿੜ ਹਸਦੇ ਪਰ੍ਹਾਂ ਹੋ ਜਾਵਨ
ਮਹਿਕੋਂ ਸੱਖਣੇ ਫੁੱਲ ਕੰਵਲ ਦੇ
ਗ਼ੈਬੀ ਜਲ ਪਰੀਆਂ ਦੇ ਸਾਏ
ਕੌਣ ਇਹਨਾਂ ਦੀ ਛੁਹ ਨੂੰ ਮਾਣੇ
ਇਹਨਾਂ ਦਾ ਤਾਂ ਹਰ ਮਤਵਾਲਾ
ਕੱਪਰ ਛੱਲਾਂ ਵਿਚ ਰੁੜ੍ਹ ਜਾਏ।

## ਫੁੱਲ ਤੇ ਮੈਂ

ਤੂੰ ਇਕ ਕੋਮਲ, ਫੁੱਲ ਕੰਵਲ ਦਾ
ਮੈਂ ਭਟਕਣ ਵਿਚ ਥੱਕਿਆ ਰਾਹੀ
ਸੁੰਦਰਤਾ ਦੇ ਛੰਭ ਕਿਨਾਰੇ
ਆਥਣ ਤੋਂ ਦੋ ਘੜੀਆਂ ਪਹਿਲਾਂ
ਆ ਡਿੱਗਿਆ ਹਾਂ।
ਨੀਲੇ ਪਾਣੀ ਝੱਲੀਆਂ ਪੌਣਾਂ
ਸਭ ਤੇਰੇ ਸੰਗ ਖੇਡ ਰਹੇ ਨੇ
ਤੇ ਮੈਂ ਦੂਰ ਕਿਨਾਰੇ ਬੈਠਾ
ਲਲਸਾਈਆਂ ਨਜ਼ਰਾਂ ਦੇ ਨਾਲ
ਵੇਖ ਰਿਹਾ ਹਾਂ।
ਤੇਰੀ ਹਰ ਇਕ ਸੋਹਲ ਪੰਖੜੀ
ਮੈਨੂੰ ਵੀ ਤਾਂ ਮੂਕ ਬੁਲਾਵਾ
ਦੇਂਦੀ ਪਈ ਹੈ
ਹੁਣ ਤਾਂ ਏਹੋ ਦਿਲ ਕਰਦਾ ਹੈ
ਡੂੰਘੀ ਕਾਲੀ ਰਾਤ ਪੈਣ ਤੋਂ
ਪਹਿਲਾਂ ਪਹਿਲਾਂ
ਕਰ ਕੇ ਜੇਰਾ, ਚੀਰ ਕੇ ਪਾਣੀ
ਤੇਰੇ ਤਕ ਬਸ ਅਪੜ ਜਾਵਾਂ।

## ਜੋਗ ਕਮਾਈ

ਕੀਤਾ ਵੇ ਤੇਰੇ ਬਿਰਹੋਂ ਕੀਮਾ ਕੀਤਾ
ਕੋਹਿਆ ਵੀ ਇਸ ਚੰਦਰੇ ਵਾਂਗ ਕਸਾਈ
ਕਮਲੀ ਵੇ ਮੈਨੂੰ ਕਮਲੇ ਲੋਕੀਂ ਕਹਿੰਦੇ
ਯਾਦਾਂ ਵੇ ਸਾਡੀ ਅਸਲੋਂ ਹੋਸ਼ ਗਵਾਈ।
ਪਿਆਸਾ ਵੇ ਤੇਰੀ ਛੂਹ ਦਾ ਲੂੰ ਲੂੰ ਪਿਆਸਾ
ਤੜਫੇ ਵੇ ਜਿੰਦ ਤ੍ਰੇਹ ਨੇ ਜਾਨ ਸੁਕਾਈ।
ਮੋਤੀ ਵੇ ਹੰਝੂਆਂ ਦੇ ਸੁੱਚੜੇ ਮੋਤੀ
ਫਿਰਦੀ ਵੀ ਮੈਂ ਪਲਕਾਂ ਵਿਚ ਲਟਕਾਈ।
ਪੱਛਿਆ ਵੇ ਸਾਡਾ ਅੰਗ ਅੰਗ ਚੋਭਾਂ ਪੱਛਿਆ
ਜਾਣੇ ਵੇ ਸਾਡੀ ਕਿਹੜਾ ਪੀੜ ਪਰਾਈ।
ਸਾਗਰ ਵੇ ਲੱਜਿਆ ਦੇ ਸਾਗਰ ਤਰ ਕੇ
ਆਈ ਵੇ ਮੈਂ ਡਿੱਗਦੀ ਢਹਿੰਦੀ ਆਈ।
ਬਣੀਆਂ ਵੇ ਅੱਜ ਜ਼ੁਲਫ਼ਾਂ ਵਾਂਗ ਜਟਾਵਾਂ
ਪਾਈ ਵੇ ਜਗ ਸਵਾਹ ਉਝਾਂ ਦੀ ਪਾਈ।
ਭਿੱਖਿਆ ਵੇ ਵਸਲਾਂ ਦੀ ਭਿੱਖਿਆ ਮੰਗਾਂ
ਦਰ ਤੇਰੇ ਵੇ ਕਦੋਂ ਦੀ ਅਲਖ ਜਗਾਈ।
ਪਾ ਦੇ ਵੇ ਇਕ ਬੁੱਕ ਮਿਹਰਾਂ ਦਾ ਹੱਸ ਕੇ
ਪੂਰੀ ਵੇ ਸਾਡੀ ਹੋ ਜਾਏ ਜੋਗ ਕਮਾਈ।

# ਔਖੀ ਜੂਨੀ

ਮੀਤ ਬਿਨਾਂ ਜਿੰਦ ਸੱਖਣੀ ਸੱਖਣੀ
ਪ੍ਰੀਤ ਬਿਨਾਂ ਜਿੰਦ ਊਣੀ ਊਣੀ।
ਨਾ ਇਹ ਸੜਦੀ, ਨਾ ਇਹ ਬੁੱਝਦੀ
ਹਉਕੇ ਲੈਂਦੀ ਧੁੱਖਦੀ ਰਹਿੰਦੀ
ਜਿਉਂ ਗਿੱਲੇ ਗੋਹੇ ਦੀ ਧੂਣੀ।
ਭਰ ਜੋਬਨ ਜਾਂ ਰੂਪ ਮਤੀ ਕੋਈ
ਇਕੋ ਰਾਤੀਂ ਸੇਜ ਹੰਢਾ ਕੇ
ਹੋ ਜਾਏ ਹਾਏ ! ਕੰਤ ਵਿਹੂਣੀ।
ਨਾ ਹੀ ਮਿੱਠੀ ਨਾ ਹੀ ਕੌੜੀ
ਚੂਚ ਚੂਸ ਰਤ ਜੋਕ ਬ੍ਰਿਹੋਂ ਦੀ
ਕਰ ਦੇਵੇ ਇਸ ਤਾਈਂ ਅਲੂਣੀ।
ਸਾਹਾਂ ਦੇ ਤਕਲੇ ਦੇ ਉਪਰ
ਹਰ ਦਮ ਆਪਣਾ ਆਪ ਵਿੰਨ੍ਹਾਂਦੀ।
ਤੰਦਾਂ ਦੀ ਥਾਂ ਆਹਾਂ ਕੱਢਦੀ
ਟੁੱਟਦੀ ਜਾਂਦੀ, ਭੁਰਦੀ ਜਾਂਦੀ
ਜਿਉਂ ਹੋਵੇ ਲੋਗੜ ਦੀ ਪੂਣੀ।
ਸੋਗਣ ਸੋਗਣ, ਰੋਗਨ ਰੋਗਨ
ਰਹੇ ਨਿਮਾਣੀ ਨਿਮੋਝੂਣੀ
ਸ਼ਾਲਾ ! ਦਿਲਬਰ ਕਦੇ ਨਾ ਵਿਛੜੇ
ਇਹ ਸਭਨਾ ਤੋਂ ਔਖੀ ਜੂਨੀ।

# ਅਧੂਰਾ ਸਫ਼ਰ

ਨਿੱਤ ਸੱਜਣਾ ਮੈਂ ਸਰਘੀ ਵੇਲੇ
ਚਾਵਾਂ ਰੀਝਾਂ ਤਾਈਂ ਜਗਾ ਕੇ
ਸੂਹੀ ਊਸ਼ਾ ਵਿਚ ਨਹਾ ਕੇ
ਪੌਣਾਂ ਦੀਆਂ ਸੁੰਗਧਾਂ ਲਾ ਕੇ
ਯਾਦਾਂ ਦੇ ਸੈ ਰੰਗਲੇ ਸੁਪਨੇ
ਨੈਣੀਂ ਕਜਲ ਦੀ ਥਾਂ ਪਾ ਕੇ
ਆਪਣੇ ਤਾਈਂ ਖ਼ੂਬ ਸਜਾ ਕੇ
ਤੇਰੇ ਰਾਹ ਤੇ ਆ ਬਹਾਂ।
ਹੌਲੀ ਹੌਲੀ ਧੁੱਪ ਚੜ੍ਹ ਜਾਵੇ
ਕੂਲੀ ਕੂਲੀ ਜਿੰਦ ਕੁਮਲਾਵੇ
ਸਿੱਖਰ ਦੁਪਹਿਰਾਂ ਫਿਰ ਆ ਜਾਵਣ
ਬਿਰਹੋਂ ਕਸਕਾਂ ਜਿੰਦ ਤੜਫਾਵਣ
ਢਲ ਜਾਵਣ ਏਵੇਂ ਪਰਛਾਵੇਂ
ਐਪਰ ਸੱਜਣਾਂ ਤੂੰ ਨਾ ਆਵੇਂ।
ਤੇ ਫਿਰ ਸਾਡੀ ਚਿੱਖਾ ਜਲਾ ਕੇ
ਛਿੱਪ ਜਾਏ ਸੂਰਜ ਮੂੰਹ ਪਰਤਾ ਕੇ
ਨੀਲਾ ਅੰਬਰ ਫੂਹੜੀ ਡਾਹੇ
ਹਰ ਕੋਈ ਤਾਰਾ ਸੋਗ ਮਨਾਏ
ਸਫ਼ਰ ਅਸਾਡਾ ਤੇਰੇ ਬਾਝੋਂ
ਸੱਜਣਾਂ ! ਅੱਧਵਾਟੇ ਮੁੱਕ ਜਾਏ।

## ਕੀ ਲੈਣੈਂ

ਇਸ ਦਰਦੋਂ ਸੱਖਣੀ ਦੁਨੀਆਂ ਨੂੰ
ਮੈਂ ਦਰਦ ਸੁਣਾ ਕੇ ਕੀ ਲੈਣੈਂ
ਹੁਣ ਟਿੱਲੇ ਜਾ ਕੇ ਕੀ ਲੈਣੈਂ
ਮੈਂ ਕੰਨ ਪੜਵਾ ਕੇ ਕੀ ਲੈਣੈਂ।
ਮਤਲਬ ਖੋਰਾਂ ਦੀ ਬਸਤੀ ਵਿਚ
ਇਕ ਗ਼ਮ ਉਸ ਦਾ ਹੀ ਸਾਥੀ ਹੈ
ਇਸ ਗ਼ਮ ਨੂੰ ਸੁਲਾ ਕੇ ਕੀ ਲੈਣੈਂ
ਇਹ ਸਾਥ ਗਵਾ ਕੇ ਕੀ ਲੈਣੈਂ।
ਰਾਤਾਂ ਦੇ ਮਾਰੂ ਥਲ ਅੰਦਰ
ਨਾ ਚਾਨਣ ਹੈ ਨਾ ਹਰਿਆਲੀ
ਹੰਝੂਆਂ ਨੂੰ ਗਿਰਾ ਕੇ ਕੀ ਲੈਣੈਂ
ਸਾਹਾਂ ਨੂੰ ਜਲਾ ਕੇ ਕੀ ਲੈਣੈਂ।
ਹਰ ਏਥੋਂ ਦਾ ਭਗਵਾਨ ਜਦੋਂ
ਪਾਪਾਂ ਦੇ ਸਿਰ ਤੇ ਪਲਦਾ ਹੈ
ਮੰਦਰ ਵਿਚ ਜਾ ਕੇ ਕੀ ਲੈਣੈਂ
ਮੈਂ ਟੱਲ ਖੜਕਾ ਕੇ ਕੀ ਲੈਣੈਂ।
ਠੱਗਾਂ ਨੇ ਭੇਸ ਵਟਾਇਆ ਹੈ
ਹਰ ਪਾਸੇ ਜਾਲ ਵਿਛਾਇਆ ਹੈ
ਇਹਨਾਂ ਨੂੰ ਬੁਲਾ ਕੇ ਕੀ ਲੈਣੈਂ
ਹਮਦਰਦ ਬਣਾ ਕੇ ਕੀ ਲੈਣੈਂ।
ਇਸ ਵਾਦੀ ਦੇ ਹਰ ਚਸ਼ਮੇਂ ਦਾ
ਸੁਣਿਆ ਹੈ ਪਾਣੀ ਖੌਲ ਰਿਹਾ
ਹੋਠਾਂ ਨੂੰ ਜਲਾ ਕੇ ਕੀ ਲੈਣੈਂ
ਇੰਝ ਪਿਆਸ ਬੁਝਾ ਕੇ ਕੀ ਲੈਣੈਂ।
ਇਸ ਸੂਲਾਂ ਵਿੰਨ੍ਹੇ ਜੀਵਨ ਨੂੰ
ਹੁਣ ਹੋਰ ਹੰਢਾਇਆ ਜਾਂਦਾ ਨਹੀਂ
ਪੀੜਾਂ ਨੂੰ ਸੁਲਾ ਕੇ ਕੀ ਲੈਣੈਂ
ਨਿੱਤ ਮੌਹਰਾ ਖਾ ਕੇ ਕੀ ਲੈਣੈਂ।

## ਸਾਨੂੰ ਆ ਗਈ ਲੈਣ ਬਹਾਰ ਸੱਜਣ

ਅਸਾਂ ਹੋਰ ਘੜੀ ਨੂੰ ਤੁਰ ਜਾਣਾ
ਨਾ ਹੋ ਏਨਾ ਬੇਜ਼ਾਰ ਸੱਜਣ।
ਮਿੱਟੀ ਵਿਚ ਐਵੇਂ ਕਿਉਂ ਰੋਲੇਂ
ਸਾਡੇ ਰੀਝਾਂ ਦੇ ਸਭ ਹਾਰ ਸੱਜਣ।
ਪਹਿਲਾਂ ਹੀ ਸੱਲ ਬਥੇਰੇ ਨੇ
ਨਾ ਬਿਰਹੋਂ ਛਮਕਾਂ ਮਾਰ ਸੱਜਣ।
ਨੈਣਾ ਚੋਂ ਸਾਵਣ ਵਰ੍ਹਦਾ ਹੈ
ਤਨ ਬਲਦਾ ਜਿਉਂ ਅੰਗਿਆਰ ਸੱਜਣ।
ਸਾਡੀ ਸਾਰੀ ਭਟਕਣ ਮਿੱਟ ਜਾਂਦੀ
ਤੇਰਾ ਮਿਲ ਜਾਂਦਾ ਜੇ ਪਿਆਰ ਸੱਜਣ।
ਉਸ ਫੁੱਲ ਨੇ ਖਿੜ ਕੇ ਕੀ ਲੈਣਾ
ਜਿਹਨੂੰ ਡਾਲੀ ਸਮਝੇ ਭਾਰ ਸੱਜਣ।
ਹੋਰਾਂ ਨੂੰ ਪੱਤਝੜ ਖੜਦੀ ਹੈ
ਸਾਨੂੰ ਆ ਗਈ ਲੈਣ ਬਹਾਰ ਸੱਜਣ।
ਤੇਰਾ ਨਾਂ ਹੋਠਾਂ ਤੇ ਹੋਵੇਗਾ।
ਸਾਡੇ ਅੰਤ ਸਮੇਂ ਦਿਲਦਾਰ ਸੱਜਣ।

## ਸੱਧਰ

ਠੁੱਮ ਠੁੱਮ ਕਰਦੀ ਪੌਣ ਜਾਂ ਰੁਮਕੇ
ਧੁੱਪ ਸੁਨਹਿਰੀ ਕਰੇ ਕਲੋਲਾਂ
ਫੁੱਲ ਪੱਤੀਆਂ ਦੇ ਮੁੱਖੜੇ ਚੁੰਮ ਕੇ
ਭੌਰ ਤਿਤਲੀਆਂ ਨੱਚਦੇ ਹੋਵਣ
ਰਸ ਰੰਗਾਂ ਦੇ ਮਹਿਕੇ ਮਹਿਕੇ
ਕੂਲੇ ਕੂਲੇ ਸੁਪਨੇ ਉਣ ਕੇ।
ਸਾਰੀ ਧਰਤੀ ਅੰਬਰ ਗਾਹ ਕੇ
ਓਸ ਘੜੀ ਮੈਂ ਥੱਕ ਥਕਾ ਕੇ
ਡਿੱਗਿਆ ਹੋਵਾਂ ਨਰਮ ਮਖਮਲੀ
ਭਿੰਨੀ ਭਿੰਨੀ ਕਿਆਰੀ ਦੇ ਵਿਚ
ਤੇ ਫਿਰ ਮਿੱਠੀ ਪੀੜਾ ਵਾਲਾ
ਜਦ ਮੈਂ ਗੀਤ ਦਰਦ ਦਾ ਛੋਹਾਂ
ਵੱਲਿਆ ਜਾਵਾਂ ਘੁੱਟਿਆ ਜਾਵਾਂ
ਗਲਵਕੜੀ ਇਕ ਪਿਆਰੀ ਦੇ ਵਿਚ।
ਸੁਣ ਮੇਰੀ ਬਿਰਹੋਂ ਦੀ ਗਾਥਾ
ਅੰਬਰ ਤੇ ਬੱਦਲ ਛਾ ਜਾਵਣ
ਮੇਰਾ ਦਰਦ ਮਿਟਾਵਣ ਦੇ ਲਈ
ਮੋਰ ਪਪੀਹੇ ਕੋਇਲਾਂ ਗਾਵਣ
ਕੋਸੇ ਕੋਸੇ ਕੁਝ ਹੰਝੂਆਂ ਦੇ
ਸੁੱਚੇ ਪਾਣੀ ਵਿਚ ਨਹਾ ਕੇ
ਸੌਂ ਜਾਵਾਂ ਮੈਂ ਗੂੜ੍ਹੀ ਨੀਂਦਰ
ਇਕ ਸੁਪਨੇ ਨੂੰ ਹਿਕ ਨਾਲ ਲਾ ਕੇ।

## ਸੁੱਚਾ ਮੰਦਰ ਪ੍ਰੀਤ ਦਾ

ਚੋਭ ਜਦੋਂ ਕੋਈ ਲਗਦੀ
ਦਿਲ ਦੇ ਛਾਲੇ ਆ।
ਠੱਲ੍ਹਿਆ ਮੂਲ ਨਾ ਜਾਂਵਦਾ,
ਹੰਝੂਆਂ ਦਾ ਦਰਿਆ।
ਵਿਚ ਕਲੇਜੇ ਲੱਗਿਆ,
ਬਿਰਹੋਂ ਦਾ ਜੋ ਘਾਅ।
ਅੱਜ ਵਰ੍ਹਿਆਂ ਦੇ ਬਾਅਦ ਵੀ,
ਉੱਥੇ ਵਗ ਰਿਹਾ।
ਇਹ ਤਾਂ ਦਰਦ ਅਵੱਲੜਾ,
ਕਿਹੜੀ ਕਰਾਂ ਦਵਾ ?
ਇਕੋ ਦਾਰੂ ਵਸਲ ਦਾ,
ਉਹ ਵੀ ਗਿਉਂ ਮੁਕਾ।
ਲੱਖਾਂ ਅਦਲਾ ਬਦਲੀਆਂ,
ਥੱਕੀਆ ਤ੍ਰਾਣ ਲਗਾ।
ਰੁਕਿਆ ਐਪਰ ਮੂਲ ਨਾ,
ਯਾਦਾਂ ਦਾ ਪ੍ਰਵਾਹ।
ਝੁੱਲੇ ਝੱਖੜ ਸਮੇਂ ਦੇ,
ਤੁਰ ਗਏ ਜ਼ੋਰ ਲਗਾ।
ਸੁੱਚਾ ਮੰਦਰ ਪ੍ਰੀਤ ਦਾ,
ਓਵੇਂ ਅਹਿੱਲ ਖੜਾ।

## ਪੁਕਾਰ

ਹੰਝੂਆਂ ਦੇ ਦਰਿਆ 'ਚ
ਨੌਕਾ ਜਿੰਦ ਦੀ
ਗ਼ਮਾਂ ਦੀ ਕਾਲੀ ਰਾਤ
ਕਿ ਝੱਖੜ ਯਾਦ ਦਾ
ਕਿਸ ਨੂੰ ਦਿਆਂ ਆਵਾਜ਼?
ਕਿਸੇ ਨਾ ਬਹੁੜਨਾ।
ਕਿੱਥੇ ਨੂੰ ਤੁਰ ਗਿਉਂ
ਵੇ ਮੇਰਿਆ ਖੇਵਟਾ
ਸਾਡੇ ਤਾਂ ਬਸ
ਭਾਗਾਂ ਦੇ ਵਿਚ ਰਹਿ ਗਿਆ
ਤੂਫ਼ਨਾਂ ਸੰਗ ਕੌਲਿਆਂ
ਮੱਥਾ ਫੋੜਨਾ।
ਸਾਂਭੀਂ ਵੇ ਲੈ ਸਾਂਭੀਂ
ਮੇਰਿਆ ਮਹਿਰਮਾਂ
ਮਾਰੂ ਲਹਿਰਾਂ ਨੇ ਹੁਣ
ਤਰੁੱਠ ਕੇ ਅਸਾਂ ਤੇ
ਕਰ ਦਿੱਤਾ ਹੈ ਸ਼ੁਰੂ
ਤੇਰੇ ਵਲ ਰੋੜ੍ਹਨਾ।

## ਅਲਵਿਦਾ !

ਪੂੰਝ ਹੰਝੂ ਤੋੜ ਚੁੱਪ ਨੂੰ
ਮੁਸਕਰਾ ਕਲੀਆਂ ਖਿੰਡਾ
ਕੌਣ ਕਹਿੰਦਾ ਹੈ ਕਿ ਤੈਥੋਂ
ਦੂਰ ਹਾਂ ਮੈਂ ਜਾ ਰਿਹਾ
ਰੋਜ਼ ਤੇਰੇ ਸੁਪਨਿਆਂ ਵਿਚ
ਮਿਲਣ ਆਇਆ ਕਰਾਂਗਾ
ਪਿਆਰ ਤੋਂ ਵੀ ਪਿਆਰੀਏ
ਅਲਵਿਦਾ ! ਅਲਵਿਦਾ !! ਅਲਵਿਦਾ !!!
ਭੁੱਲ ਜਾਵਾਂਗਾ ਮੈਂ ਤੈਨੂੰ
ਇਹ ਤੇਰਾ ਇਕ ਵਹਿਮ ਹੈ
ਮੇਰੇ ਤਾਂ ਲੂੰ ਲੂੰ 'ਚ ਹੈ
ਪਿਆਰ ਤੇਰਾ ਰੱਚ ਗਿਆ
ਸੁੰਦਰ ਤੇਰੀ ਸੂਰਤ ਨੂੰ ਹੈ
ਹਿਰਦੇ 'ਚ ਆਪਣੇ ਜੜ ਲਿਆ
ਪਿਆਰ ਤੋਂ ਵੀ ਪਿਆਰੀਏ
ਅਲਵਿਦਾ ! .. .. .. .. ..

ਨੀਲਿਆਂ ਨੈਣਾਂ ਚੋਂ ਸੁੱਚਾ
ਪਿਆਰ ਤੇਰਾ ਛਲਕਦਾ
ਨਜ਼ਰਾਂ ਦੀ ਲੰਮੀ ਡੀਕ ਲਾ
ਮੈਂ ਰੱਜ ਕੇ ਹੈ ਪੀ ਲਿਆ
ਹੁਣ ਤੇ ਆਪਣੇ ਆਪ ਦਾ ਵੀ
ਕੁਝ ਨਹੀਂ ਮੈਨੂੰ ਪਤਾ
ਪਿਆਰ ਤੋਂ ਵੀ ਪਿਆਰੀਏ
ਅਲਵਿਦਾ ! .. .. .. .. ..
ਤੇਰੀਆਂ ਬਾਹਾਂ ਦੀ ਇਹ
ਢਿੱਲੀ ਜਿਹੀ ਗਲਵੱਕੜੀ
ਜ਼ੋਰ ਸਾਰਾ ਲਾਣ ਤੇ ਵੀ
ਤੋੜ ਮੈਂ ਸਕਦਾ ਨਹੀਂ
ਹਰ ਅੰਗ ਤੇਰੀ ਛੁਹ ਤੋਂ ਹੈ
ਮਧੁਰ ਹੁੰਦਾ ਜਾ ਰਿਹਾ
ਪਿਆਰ ਤੋਂ ਵੀ ਪਿਆਰੀਏ
ਅਲਵਿਦਾ ! .. .. .. .. ..
ਤੇਰੀਆਂ ਜ਼ੁਲਫ਼ਾਂ 'ਚ ਪੌਟੇ
ਹਿਲ ਰਹੇ ਨੇ ਇਸ ਤਰ੍ਹਾਂ
ਹੈ ਸਾਜ਼ਿੰਦਾ ਛੇੜਦਾ
ਤਾਰਾਂ ਨੂੰ ਕੋਈ ਜਿਸ ਤਰ੍ਹਾਂ
ਭੋਰਾ ਭੋਰਾ ਜਿੰਦ ਦਾ
ਜਿੰਦੇ ਨੀਂ ਹੈ ਨਸ਼ਿਆ ਗਿਆ
ਪਿਆਰ ਤੋਂ ਵੀ ਪਿਆਰੀਏ
ਅਲਵਿਦਾ ! .. .. .. .. ..

ਸਾਂਭ ਲੈ ਮੋਢੇ ਮੇਰੇ ਤੋਂ
ਸਿਰ ਤੂੰ ਆਪਣਾ ਸਾਂਭ ਲੈ
ਇਸ ਮਹਿਕ ਦੇ ਅੰਬਾਰ ਨੂੰ
ਮੈਂ ਨਹੀਂ ਸਕਦਾ ਹਟਾ
ਦਿਲ ਤੇਰੇ ਦੀ ਧੜਕਨਾਂ ਦਾ
ਰਾਗ ਵੀ ਹੈ ਸੁਣ ਲਿਆ
ਪਿਆਰ ਤੋਂ ਵੀ ਪਿਆਰੀਏ
ਅਲਵਿਦਾ ! .. .. .. .. .. ..
ਰੋਸ਼ਨੀ ਦਿੱਤੀ ਹੈ ਮੈਨੂੰ
ਪਿਆਰ ਤੇਰੇ ਦੇ ਰਵੀ
ਨੂਰ ਦੀ ਮੰਜ਼ਿਲ ਵਿਖਾਊ
ਕਿਰਨ ਤੇਰੀ ਯਾਦ ਦੀ
ਖੱਡਾਂ ਤੇ ਗ਼ਾਰਾਂ 'ਚੋਂ ਮੈਂ
ਜਾਵਾਂਗਾ ਹਨੇਰੇ ਮੇਟਦਾ
ਪਿਆਰ ਤੋਂ ਵੀ ਪਿਆਰੀਏ
ਅਲਵਿਦਾ ! .. .. .. .. ..
ਵਿੱਥ ਪਾ ਸਕਦਾ ਨਹੀਂ
ਭਾਵੇਂ ਕੋਈ ਵੀ ਫ਼ਾਸਲਾ
ਫਿਰ ਵੀ ਤੈਨੂੰ ਮਿਲਣ ਦੇ ਮੈਂ
ਗੀਤ ਗਾਇਆ ਕਰਾਂਗਾ
ਪੌਣ ਹੱਥ ਤੈਨੂੰ ਸੁਨੇਹੇਂ
ਨਿੱਤ ਰਹਾਂਗਾ ਭੇਜਦਾ
ਪਿਆਰ ਤੋਂ ਵੀ ਪਿਆਰੀਏ
ਅਲਵਿਦਾ ! ਅਲਵਿਦਾ !! ਅਲਵਿਦਾ !!!

## ਸੁਨੇਹਾ

ਨੀਂ ਚੰਨ ਦੀਏ ਚਾਨਣੀਏਂ
ਲੈ ਜਾ ਇਕ ਸਾਡੜਾ ਸੁਨੇਹਾ -
ਪੋਲੇ ਪੋਲੇ ਛੂਹ ਕੇ ਤੂੰ
ਜਗਾਈਂ ਸਾਡੇ ਸੱਜਣਾਂ ਨੂੰ
ਵੇਖੀਂ ਕਿਤੇ ਮੱਖਣਾਂ ਤੋਂ
ਗੋਰੇ ਗੋਰੇ ਕੂਲੇ ਕੂਲੇ
ਨੂਰੀ ਓਹਦੇ ਅੰਗਾਂ ਉੱਤੇ
ਪਵੇ ਨਾ ਨਿਸ਼ਾਨ ਕੋਈ
ਆਵੇ ਨਾ ਝਰੀਟ ਕੋਈ
ਪੱਤੀਆਂ ਤੋਂ ਸੋਹਲ ਤੇ
ਮਲੂਕ ਸਾਡੇ ਮਾਹੀ ਕੋਲੋਂ
ਦੁੱਖ ਨਹੀਓਂ ਜਾਣਾ ਇਹ ਵੀ ਸਿਹਾ
ਨੀਂ ਚੰਨ ਦੀਏ ਚਾਨਣੀਏਂ
ਲੈ ਜਾ ਇਕ ਸਾਡੜਾ ਸੁਨੇਹਾ। .. ..
ਦੱਸੀਂ ਜਾ ਕੇ ਸੱਜਣਾ ਨੂੰ -
ਹਾਲ ਜੋ ਤੂੰ ਵੇਖਦੀ ਏਂ
ਜਿੰਦ ਕਿਵੇਂ ਲੁੱਛਦੀ ਏ
ਬਿਰਹੋਂ ਦੀ ਪੀੜ ਨਾਲ

ਦਿਨੇ ਰਾਤੀਂ ਕੂੱਸਦੀ ਏ
ਆਉਂਦੇ ਜਾਂਦੇ ਹਵਾ ਦਿਆਂ
ਬੁੱਲ੍ਹਿਆਂ ਨੂੰ ਮਾਰ 'ਵਾਜਾਂ
ਝੱਲਿਆਂ ਦੇ ਵਾਂਗ ਨਿੱਤ
ਪਤਾ ਉਹਦਾ ਪੁੱਛਦੀ ਏ
ਆਖੀਂ ਚਲ ਤੁਰ ਛੇਤੀ
ਅੱਲ੍ਹੇ ਅੱਲ੍ਹੇ ਜ਼ਖਮਾਂ ਤੇ
ਧਰ ਠੰਡਾ ਦੀਦ ਵਾਲਾ ਫਿਹਾ,
ਨੀਂ ਚੰਨ ਦੀਏ ਚਾਨਣੀਏਂ
ਲੈ ਜਾ ਇਕ ਸਾਡੜਾ ਸੁਨੇਹਾ। .. .. ..
ਪੁੱਛੀਂ ਤੂੰ ਸਹੇਲੀਏ ਨੀਂ -
ਕੀਤਾ ਕੀ ਕਸੂਰ ਅਸਾਂ
ਜਾ ਕੇ ਸਾਡੇ ਸੱਜਣਾਂ ਨੇ
ਸਾਨੂੰ ਜੋ ਵਿਸਾਰ ਦਿਤਾ
ਉਸ ਦੇ ਤਾਂ ਭਾਵੇਂ ਚਿੱਤ
ਚੇਤਾ ਹੀ ਨਾ ਮੂਲ ਹੋਵੇ
ਸਾਡੀ ਤਾਂ ਨਿਮਾਣੀ ਇਸ
ਨਿੱਕੀ ਜਿਹੀ ਜਿੰਦੜੀ ਨੂੰ
ਉਸ ਦਿਆਂ ਰੋਸਿਆਂ ਨੇ
ਅਸਲੋਂ ਹੀ ਮਾਰ ਦਿਤਾ
ਅੜੀਏ ਨੀਂ ਇਕ ਪਲ
ਸੱਜਣਾਂ ਤੋਂ ਦੂਰ ਹੋ ਕੇ
ਜਾਵੇ ਹੁਣ ਸਾਡੇ ਤੋਂ ਨਾ ਰਿਹਾ,
ਨੀਂ ਚੰਨ ਦੀਏ ਚਾਨਣੀਏਂ

ਲੈ ਜਾ ਇਕ ਸਾਡੜਾ ਸੁਨੇਹਾ। .. .. ..
ਆਖੀਂ ਜਾ ਕੇ ਸੱਜਣਾਂ ਨੂੰ –
ਦੇਸ ਤਾਂ ਬਿਗਾਨੜੇ 'ਚ
ਤੁੱਧ ਬਿਨ ਮੀਤ ਕਿਹੜਾ
ਅਸਾਂ ਦੀ ਵੰਡਾਏ ਪੀੜਾ
ਦਰਦ ਨੂੰ ਹਟਾਏ ਜਿਹੜਾ
ਗ਼ਮਾਂ ਦਾ ਮੁਕਾਏ ਝੇੜਾ
ਰਹਿਣਾ ਨਹੀਂ ਓਸ ਨੇ ਜੇ
ਆ ਕੇ ਏਥੇ ਕੋਲ ਸਾਡੇ
ਪਾਈਂ ਉਹਨੂੰ ਵਾਸਤਾ ਨੀਂ
ਓਸ ਦੇ ਕਰਾਰਾਂ ਦਾ ਤੂੰ
ਅਸਾਂ ਨੂੰ ਵੀ ਲੈ ਜੇ ਓਥੇ
ਆਪਣੇ ਹੀ ਸੰਗ ਆ ਕੇ
ਰੂਪ ਸਾਡਾ ਹੁੰਦਾ ਜਾਂਦਾ ਬਿਹਾ,
ਨੀਂ ਚੰਨ ਦੀਏ ਚਾਨਣੀਏਂ
ਲੈ ਜਾ ਇਕ ਸਾਡੜਾ ਸੁਨੇਹਾ
ਨੀਂ ਚੰਨ ਦੀਏ ਚਾਨਣੀਏਂ।

## ਫੁੱਲ ਨੂੰ !

ਐ ਸੁੰਦਰ ਮਹਿਕਦੇ ਫੁੱਲ !
ਤੇਰੇ ਤੇ ਮੇਰੇ ਵਿਚਕਾਰ
ਕਿੰਨੇ ਕੰਡੇ ਨੇ?
ਮੈਂ ਬਹੁਤ ਯਤਨ ਕਰ ਕੇ
ਤੇਰ ਪਾਸ ਆਇਆ ਹਾਂ
ਤੂੰ ਤਾਂ ਇਹਨਾਂ ਵਾੜਾਂ ਤੋਂ
ਬਾਹਰ ਆਉਣ ਦੀ
ਰਤਾ ਵੀ ਕੋਸ਼ਿਸ਼ ਨਹੀਂ ਕੀਤੀ
ਕੰਢਿਆਂ ਦੀ ਚੋਭ ਤੋਂ
ਡਰ ਗਿਆ ਏਂ
ਸ਼ਾਇਦ ਤੈਨੂੰ
ਮੇਰੀ ਨੀਅਤ ਤੇ ਵੀ ਸ਼ੱਕ ਏ
ਰੂਪ-ਰਾਣੇ ਮੈਥੋਂ ਸ਼ਰਮਾ ਕੇ
ਊਸ਼ਾ ਦੀ ਲਾਲੀ ਤੋਂ ਵੀ
ਸੂਹਾ ਹੋ ਗਿਆ ਏਂ
ਪੱਤੀਆਂ ਦੇ ਘੁੰਡ ਚੋਂ
ਇਉਂ ਨਾ ਦੇਖ
ਤੇਰੇ ਰੂਪ ਦਾ ਜਲਵਾ
ਮੈਥੋਂ ਝੱਲਿਆ ਨਹੀਂ ਜਾਂਦਾ
ਮੇਰੇ ਅਰਮਾਨਾਂ ਨੂੰ
ਹੋਰ ਨਾ ਭੜਕਾ
ਪਿਆਰ ਦਾ ਸਾਗ਼ਰ
ਉਛਲ ਪਿਆ ਹੈ
ਤੇ ਮੈਂ-

ਇਸ ਦੀਆਂ ਛੱਲਾਂ 'ਚ
ਰੁੜ੍ਹਦਾ ਹੀ ਜਾ ਰਿਹਾ ਹਾਂ।
ਦੇਖ ! ਮੇਰੀਆਂ ਅੱਖਾਂ 'ਚ ਦੇਖ
ਤੇਰਾ ਦੀਦਾਰ ਕਰ ਕੇ
ਇਹ ਕਿੰਝ ਨਸ਼ਿਆ ਗਈਆਂ ਨੇ
ਦੇਖ ! ਕੋਈ ਪਵਿੱਤਰ ਸੁੱਚੀ ਵਸਤ
ਤੈਨੂੰ ਇਹਨਾਂ ਚੋਂ ਨਜ਼ਰ ਆਵੇਗੀ।
ਬਾਗ਼ ਵਿਚ
ਹੋਰ ਵੀ ਤਾਂ ਬੜੇ ਫੁੱਲ ਨੇ
ਮੈਨੂੰ ਉਹਨਾਂ ਨਾਲ ਕੀ
ਤੂੰ ਤਾਂ, ਮੇਰੇ ਜੀਵਨ ਦੀ ਭਾਲ ਏਂ
ਹੁਣ ਤਕ ਭਟਕਦਾ ਹੀ ਰਿਹਾ ਹਾਂ
ਆਹ ! ਮੇਰੀ ਕਲਪਣਾ ਦੇ
ਸਾਕਾਰ ਚਿੱਤਰ
ਓੜਕ ਅਜ ਤੈਨੂੰ
ਮੈਂ ਢੂੰਡ ਹੀ ਲਿਆ ਹੈ
ਮੇਰੇ ਪੋਟੇ ਆ ਮੁਹਾਰੇ
ਤੇਰੇ ਵਲ ਸਰਕ ਰਹੇ ਨੇ
ਚੋਭਾਂ ਦੀ ਇਹਨਾਂ ਨੂੰ
ਕੋਈ ਪਰਵਾਹ ਨਹੀਂ
ਕੂਲੀ ਜਿਹੀ ਛੁਹ ਨਾਲ
ਬੇਸੁੱਧ ਕਰ ਦੇਹ
ਜਿਸ ਦਾ ਨਸ਼ਾ ਉਤਰੇ ਹੀ ਨਾ
ਫਿਰ ਕਦੇ ਉਮਰ ਭਰ।
ਰੂਪ ਦੇ ਫੁਹਾਰੇ
ਬਹੁਤਾ ਨਾ ਹੱਸ
ਤੇਰੇ ਹਾਸੇ ਦੀ ਮਹਿਕ
ਦੂਰ ਦੂਰ ਖਿੰਡ ਜਾਏਗੀ
ਤੇ ਫਿਰ ?
ਹਾਇ ! ਕੀ ਦੱਸਾਂ ?
ਇਸ ਖ਼ਿਆਲ ਨੇ ਝੰਜੋੜ ਦਿਤਾ ਏ
ਮੇਰੀ ਜ਼ਿੰਦਗੀ ਤਾਂ ਬਸ, ਤੇਰੇ ਨਾਲ ਹੀ ਹੈ।

## ਹਿਜਰ-ਵਸਲ

ਤੇਰੇ ਸਾਥ ਬਿਨਾਂ ਦਿਹੁੰ ਕਲ ਦਾ
ਦਿਹੁੰ ਥੋੜਾ ਸੀ –
ਉਹ ਤਾਂ ਮੇਰੀਆਂ ਰੀਝਾਂ ਦਾ
ਮੱਚਦਾ ਭਾਂਬੜ ਸੀ
ਤਨ ਸੂਲੀ ਤੇ ਲਟਕ ਰਿਹਾ ਸੀ
ਤੈਨੂੰ ਸਾਰਾ ਵਕਤ ਢੂੰਡਦੇ
ਮੇਰੀਆਂ ਸਭ ਸੋਚਾਂ ਦੀਆਂ ਤਲੀਆਂ
ਹੋ ਗਈਆਂ ਸਨ ਛਾਲੇ ਛਾਲੇ
ਨਿਸਫ਼ਲ ਤੇਰੀ ਇੰਤਜ਼ਾਰ ਨੇ
ਚਾਵਾਂ ਦੇ ਖੰਭ ਖੋਹ ਸੁੱਟੇ ਸਨ।
ਪਰ –
ਅੱਜ ਸ਼ਾਮੀਂ ਜਦ ਤੂੰ ਆਈ ਹੈਂ
ਤਾਰੇ ਕੇਸਾਂ ਵਿਚ ਗੁੰਦਾ ਕੇ
ਕੰਨਾਂ ਵਿਚ ਜੁਗਨੂੰ ਲਟਕਾ ਕੇ
ਹੋਠਾਂ ਉਤੇ ਸਰਘੀ ਮਲ ਕੇ
ਚੰਨ ਪੁੰਨਿਆਂ ਦਾ ਮੱਥੇ ਜੜ ਕੇ
ਸਾਥ ਤੇਰੇ ਵਿਚ ਰਾਤ ਹਨੇਰੀ
ਬਣ ਗਈ ਹੈ ਮੇਰੀ ਦੀਵਾਲੀ
ਕਿਸ ਜਾਦੂ ਵਿਚ ਬੱਝ ਗਿਆ ਹਾਂ
ਏਨੀ ਵੀ ਤਾਂ ਹੋਸ਼ ਨਹੀਂ ਹੈ
ਤੂੰ ਮੇਰੀ ਹੀ ਮਹਿਬੂਬਾ ਹੈਂ
ਜਾਂ ਅਸਮਾਨੀ ਗੀਤ ਹੈਂ ਕੋਈ ?
ਮੇਰੇ ਨੈਣਾਂ ਵਿਚ ਹੰਝੂ ਹਨ
ਤੇਰੇ ਨੈਣਾਂ ਵਿਚ ਮਸਤੀ ਹੈ
ਜੇ ਤੇਰੀ ਮਸਤੀ ਮਿਲ ਜਾਵੇ
ਜੀਵਨ ਹੀ ਮਦਰਾ ਬਣ ਜਾਵੇ।

# ਮਹਿਕਦੇ ਪਲਾਂ ਦੇ ਨਾਂ

ਉਹ ਪਲ ਕਿੰਨੇ ਖ਼ੂਬਸੂਰਤ ਸਨ
ਜਦ ਤੂੰ ਮੇਰੇ ਕੋਲ ਸੀ
ਤੇਰਾ ਹੱਥ ਮੇਰਿਆਂ ਹੱਥਾਂ 'ਚ ਸੀ
ਬਹੁਤ ਦੇਰ ਚੁਪ ਚਾਪ
ਇਕ ਨਸ਼ੇ ਵਿਚ ਗੜੂੰਦ ਬੈਠੇ ਰਹ ਸਾਂ
ਮੇਰੇ ਹਰ ਬੋਲ ਦਾ ਤੇਰੀ ਮੁਸਕਾਨ ਨੇ
ਭਰਿਆ ਹੁੰਗਾਰਾ ਸੀ
ਕਿੰਨੀ ਹੀ ਦੇਰ ਮੈਂ ਖੇਡਦਾ ਰਿਹਾ ਸਾਂ
ਤੇਰੀਆਂ ਭਿੱਜੀਆਂ ਜ਼ੁਲਫ਼ਾਂ ਦੇ ਨਾਲ
ਤੇ ਫਿਰ ਮੈਂ ਇਕ ਜੰਗਲੀ ਫੁੱਲ
ਟੁੰਗ ਦਿਤਾ ਸੀ ਤੇਰਿਆਂ ਵਾਲਾਂ ਦੇ ਵਿਚ
ਮਹਿਕ ਦੇ ਕੁਝ ਘੁੱਟ ਭਰ ਕੇ
ਪੌਣ ਸੀ ਨਸ਼ਿਆ ਗਈ
ਕੰਵਲ ਫੁੱਲਾਂ ਲਹਿਰਾਂ ਤੇ ਬੁੰਬਲਾਂ
ਨਾਚ ਛੋਹਿਆ ਸੀ ਅਜੀਬ
ਤੇ ਲੋਚਿਆ ਸੀ ਅਸੀਂ ਵੀ
ਦੂਰ ਕਿਸੇ ਵਾਦੀ ਦੇ ਵਿਚ
ਆਪਣਾ ਨਿੱਕਾ ਜਿਹਾ ਘਰ ਵਸਾਵਾਂਗੇ
ਸੁਪਨਿਆਂ ਦੇ ਫੁੱਲ ਖਿੜ ਸਕਣਗੇ ਜਿੱਥੇ
ਪਰ–

ਤੂੰ ਜੋ ਆਪਣੇ ਪੈਰ ਤੇ
ਰੇਤ ਦਾ ਘਰ ਬਣਾਇਆ ਸੀ
ਪੈਰ ਮੇਰੇ ਨੂੰ ਨਹੀਂ ਸੀ ਮੇਚ ਆਇਆ
ਵੇਖ ਕੇ ਮੈਨੂੰ ਉਦਾਸ
ਤੂੰ ਕਿਹਾ ਸੀ -
'ਵਹਿਮ ਐਵੇਂ ਚੰਗੇ ਨਹੀਂ ਹੁੰਦੇ'
ਤੇ ਫਿਰ ਖਵਾਜਾ ਖ਼ਿਜਰ ਸਾਹਵੇਂ
ਅਸੀਂ ਇਕਰਾਰ ਕੀਤਾ ਸੀ
ਇਕਰਾਰ ਜੋ ਪੂਰਾ ਹੋ ਨਹੀਂ ਸਕਿਆ
ਕਿਉਂ ਜੋ ਰਿਵਾਜਾਂ ਨੂੰ,
ਅਸੀਂ ਨਾ ਰਾਸ ਆ ਸਕੇ
ਸਾਡਾ ਤਾਂ ਦੋਸ਼ ਇਹੋ ਸੀ
ਕਿ ਅਸੀਂ ਮਹਿਕਾਂ ਤੋਂ ਸੁੱਚਾ
ਪਿਆਰ ਕੀਤਾ ਸੀ
ਅੱਜ ਵੀ ਜਦ ਉਹਨਾਂ ਬੀਤੇ ਪਲਾਂ ਦੀ
ਯਾਦ ਆਉਂਦੀ ਹੈ
ਤਾਂ ਉਦਾਸੀ ਜ਼ਿੰਦਗੀ ਵਿਚ
ਖੁਸ਼ੀਆਂ ਦੇ ਰੰਗ ਚਮਕ ਪੈਂਦੇ ਨੇ
ਉਹ ਪਲ ਜੋ ਹੁਣ ਫਿਰ ਨਹੀਂ ਆਉਣੇ
ਮੈਂ ਰੋਜ਼ ਹੀ
ਉਹਨਾਂ ਮਹਿਕੇ ਪਲਾਂ ਦੀ ਬਾਤ ਪਾਉਂਦਾ ਹਾਂ।

## ਦਿਲ ਦੀ ਪੀੜਾ

ਗਰਾਂ ਆਇਆ ਸਾਂ ਜਦ ਤੇਰੇ
ਤਾਂ ਲਗਦਾ ਸੀ, ਬਿਗਾਨਾ ਹੈ ਗਰਾਂ ਕਿਹਾ
ਨਾ ਜਿਥੇ ਸੀ ਕੋਈ ਮਹਿਰਮ
ਹਰ ਬੀਹੀ ਪਰਾਈ ਸੀ
ਕੰਧਾਂ ਇਸ ਦੀਆਂ ਕੋਲੋਂ
ਅਜਬ ਸੀ ਡਰ ਜਿਹਾ ਲਗਦਾ
ਬਹੁਤ ਪੋਲੇ ਜਿਹੇ ਧਰਤੀ ਤੇ
ਆਪਣੇ ਕਦਮ ਧਰਦਾ ਸਾਂ
ਅਤੇ ਹਰ ਖੇਤ ਵਿਚੋਂ ਹੀ
ਭੱਖੜਾ ਨਜ਼ਰ ਆਉਂਦਾ ਸੀ
ਮੇਰੇ ਨੈਣਾਂ 'ਚ ਹੰਝੂ ਸਨ
ਅਤੇ ਹੋਠਾਂ ਤੇ ਖ਼ਾਮੋਸ਼ੀ
ਮਨ ਸੋਚਾਂ ਨੇ ਫੜਿਆ ਸੀ
ਕਿਵੇਂ ਬੀਤਣਗੇ ਦਿਨ ਮੇਰੇ।
ਪਰ–
ਅਚਾਨਕ ਤੂੰ ਜਦੋਂ ਮਿਲੀਉਂ
ਤੇਰੇ ਹੱਸਦੇ ਨੈਣਾ 'ਚੋਂ
ਮੈਨੂੰ ਸੁਪਨੇ ਨਜ਼ਰ ਆਏ
ਤੇਰੀ ਮੁਸਕਾਨ ਦੇ ਜਾਦੂ
ਪੱਤਝੜ ਨੂੰ ਬਦਲ ਦਿਤਾ

ਤੇਰੇ ਬੋਲਾਂ ਨੇ ਆਸਾਂ ਦੇ
ਸੂਹੇ ਫੁੱਲ ਖਿੜਾ ਦਿਤੇ
ਤੇਰੇ ਰੰਗਲੇ ਕਰਾਰਾਂ ਨੇ
ਮੇਰੀ ਦੁਨੀਆ ਵਸਾ ਦਿਤੀ।
ਤੇ ਇਕ ਤੂਫ਼ਾਨ ਦੇ ਪਿੱਛੋਂ
ਜਦੋਂ ਹਾਂ ਜਾ ਰਿਹਾ ਵਾਪਿਸ
ਕਲੇਜੇ ਨੂੰ ਹੈ ਧੂਹ ਪੈਂਦੀ
ਸੀਨੇ ਦਰਦ ਉੱਠਦਾ ਹੈ
ਤੇ ਲਗਦਾ ਹੈ ਅਸਲ ਵਿਚ ਹੁਣ
ਬਿਗਾਨੇ ਦੇਸ਼ ਚਲਿਆ ਹਾਂ
ਜੋ ਦਿਤਾ ਪਿਆਰ ਤੂੰ ਮੈਨੂੰ
ਕਰਾਂ ਕਿੰਝ ਸ਼ੁਕਰੀਆ ਉਸ ਦਾ
ਪਲਕਾਂ ਮੇਰੀਆਂ ਤੇ ਮੋਹ ਨੇ
ਜੋ ਦੀਵੇ ਜਗਾਏ ਨੇ
ਜੇ ਨ੍ਹੇਰਾ ਆ ਗਿਆ ਕਿਧਰੇ
ਮੇਰਾ ਰਾਹ ਜਗਮਗਾਵਣਗੇ
ਗ਼ਮ ਸੀ ਆਉਣ ਲਗਿਆਂ ਵੀ
ਤੇ ਗ਼ਮ ਹੈ ਜਾਣ ਲਗਿਆਂ ਵੀ
ਫ਼ਰਕ ਦੋਹਾਂ 'ਚ ਕਿੰਨਾ ਹੈ
ਇਹ ਦੱਸਿਆ ਜਾ ਨਹੀਂ ਸਕਦਾ।

# ਸੁਲਗਦੇ ਪਲ

ਰਾਤ ਬਹੁਤ ਬੀਤ ਚੁੱਕੀ ਹੈ
ਪਰ ਨੀਂਦ ਕਿੱਥੇ ?
ਉਹ ਤਾਂ ਤੈਨੂੰ ਢੂੰਡਣ ਲਈ ਉੱਡ ਗਈ ਹੈ
ਉਹ ਜ਼ਹਿਰ ਵੀ ਤਾਂ ਮੈਨੂੰ ਸੁਲਾ ਨਹੀਂ ਸਕੀ
ਜਿਸ ਨਾਲ ਮੈਂ ਕਲੇਜੇ ਨੂੰ ਫੂਕਿਆ ਹੈ
ਤੇਰੀ ਫ਼ੋਟੋ ਨੇ ਵੀ ਤਾਂ
ਮੇਰੀ ਕਿਸੇ ਗੱਲ ਦਾ ਹੁੰਗਾਰਾ ਨਹੀਂ ਭਰਿਆ
ਕਦੇ ਕਦਾਈਂ ਕੁਝ ਪਲ ਛਿਣਾਂ ਦਾ
ਤੇਰਾ ਵਸਲ ਕੈਸਾ ਹੈ?
ਕਿ ਹਰ ਵਾਰ ਜਿਸ ਦੇ ਪਿੱਛੋਂ
ਮੇਰੀ ਰੂਹ ਭੜਕ ਪੈਂਦੀ ਹੈ
ਤੂੰ ਜਦ ਵੀ ਪਿਆਸ ਬੁਝਾਵਣ ਲਈ ਆਈ ਹੈਂ
ਤੇਰੇ ਜਾਣ ਦੇ ਪਿਛੋਂ ਮੇਰੀ ਰੂਹ ਹੋਰ ਤੜਫ਼ੀ ਹੈ।
ਜਾਪਦਾ ਹੈ ਕਿ –
ਮਿਲ ਕੇ ਵੀ ਮਿਲ ਨਹੀਂ ਹੋਇਆ
ਤੇ ਹਰ ਵਾਰ ਸੋਚਦਾ ਹਾਂ ਕਿ
ਸਭ ਕੁਝ ਕਹਿਣ ਦੇ ਪਿਛੋਂ ਵੀ
ਕੁਝ ਵੀ ਕਹਿ ਨਹੀਂ ਸਕਿਆ
ਮੇਰਾ ਆਪਣਾ ਹੀ ਦਰਦ ਏਨਾ ਹੈ
ਕਿ ਕਦੀ ਵੀ ਤੇਰੇ ਹੰਝੂ ਪੂੰਝ ਨਹੀਂ ਹੋਣੇ
ਹੁਣ ਤਾਂ ਸੋਚਾਂ ਨੇ ਸਿਰ ਵਿਚ
ਐਸੀ ਖਲ–ਬਲ ਬਚਾਈ ਹੈ
ਕਿ ਨਾੜਾਂ ਹਨ ਫਟਣ ਤੇ ਆਈਆਂ
ਖਿੱਤੀਆਂ ਵੀ ਨੇ ਢਲ ਚਲੀਆਂ
ਉਫ਼ ! ਸਵੇਰਾ ਹੋਣ ਵਾਲਾ ਹੈ
ਪਰ ਮੇਰੀ ਪ੍ਰਭਾਤ ਹਾਲੀ ਨਹੀਂ ਆਈ
ਖਵਰੇ ਹੋਰ ਕਿੰਨੀ ਦੇਰ ਤਕ
ਏਵੇਂ ਸੁਲਗਦੇ ਰਹਿਣੈਂ ?

## ਤੇਰੇ ਬ਼ਗ਼ੈਰ

ਤੇਰੇ ਬ਼ਗ਼ੈਰ ਹੁਣ ਮੈਂ
ਆਪਣੀਆਂ ਉਦਾਸ ਸ਼ਾਹ ਰਾਤਾਂ ਨੂੰ
ਦਿਲ ਦਾ ਦਰਦ
ਆਪਣੀ ਡਾਇਰੀ ਦੇ ਪੰਨਿਆ ਤੇ
ਲਿਖਿਆ ਕਰਾਂਗਾ
ਦਰਦ ਜੋ ਕਿ ਉਮਰ ਭਰ
ਲਿਖਿਆਂ ਨਹੀਂ ਮੁਕਣਾ
ਤੇ ਫਿਰ ਹੌਕੇ ਭਰਦਾ
ਉਹਨਾਂ ਅੱਖਰਾਂ ਨੂੰ ਹਿੱਕ ਨਾਲ ਲਾ ਕੇ
ਲੇਟ ਜਾਇਆ ਕਰਾਂਗਾ
ਰਾਤ ਭਰ ਹੰਝੂ ਮੇਰੇ
ਚਿਹਰੇ ਨੂੰ ਧੋਇਆ ਕਰਨਗੇ
ਤੇ ਫਿਰ ਲੋਅ ਲਗਦੇ ਹੀ
ਜਾਇਆ ਕਰਾਂਗਾ ਉਸ ਬਾਗ਼ ਵਿਚ
ਜਿੱਥੇ ਤੇਰੇ ਹੱਥ ਨੂੰ ਚੁੰਮਿਆ ਸੀ ਕਦੀ
ਤੇ ਜਦੋਂ ਊਸ਼ਾ
ਅੰਬਰ ਦੀ ਝੀਲ ਵਿਚੋਂ
ਸੂਹੀ ਸਾਹੜੀ ਲਹਿਰਾਂਦੀ ਬਾਹਰ ਆਵੇਗੀ
ਤਾਂ ਉਸ ਨੂੰ ਸੁਣਾ ਕੇ ਸੱਜਰੀ ਨਜ਼ਮ
ਉਤਾਰਾਂਗਾ ਆਰਤੀ ਤੇਰੀ
ਤੇ ਉਸ ਬੂਟੇ ਦੇ ਗਲ ਲਗ ਕੇ
ਪਰਤ ਆਇਆ ਕਰਾਂਗਾ
ਜਿਸ ਬੂਟੇ ਦੇ ਹੇਠ
ਅਸੀਂ ਇਕ ਦੂਜੇ ਦੇ ਗਲ ਲੱਗੇ ਸੀ।

## ਦੁਖਾਂਤ

ਬਹੁਤ ਚਿਰ ਪਹਿਲਾਂ ਉਸ ਨੂੰ
ਇਕ ਪਿਆਰੀ ਜਿਹੀ
ਸੁੰਦਰ ਪੁਸਤਕ ਪਸੰਦ ਆਈ ਸੀ
ਜਿਸ ਦੇ ਹਰ ਪੰਨੇ 'ਚੋਂ
ਨੂਰ ਝਰਦਾ ਸੀ
ਤੇ ਜਿਸ ਦੇ ਮਹਿਕਦੇ ਅੱਖਰ
ਹੈਸਨ ਮਾਖਿਉਂ ਵੰਡਦੇ
ਪਰ ਉਹ ਪੁਸਤਕ ਤਾਂ ਉਹਨਾਂ ਦੇ
ਧੁਆਂਖੇ ਘਰ ਜਾਣੀ ਵਰਜਿਤ ਸੀ
ਤੇ ਉਸ ਨੇ ਸੋਚਿਆ-
ਜਦ ਆਪਣਾ ਨਵਾਂ ਘਰ ਬਣਾਵਾਂਗਾ
ਤਾਂ ਏਸ ਨੂੰ ਓਥੇ ਲੈ ਜਾਵਾਂਗਾ
"ਤੂੰ ਮੇਰੀ ਹੋਈ"
ਉਹ ਕਹਿ ਕੇ ਤੁਰ ਗਿਆ
ਅਤੇ ਉਹ ਓਥੇ ਦੀ ਓਥੇ ਪਈ
ਉਸ ਦੀ ਉਡੀਕ ਕਰਦੀ ਰਹੀ
ਆਉਣ ਵਾਲੇ ਦੀ ਨਿੱਘੀ ਛੁਹ ਨੂੰ
ਉਸ ਦੇ ਪੰਨੇ ਤਰਸਦੇ ਰਹੇ
ਤੇ ਫਿਰ ਆਖਿਰ ਇਕ ਦਿਨ ਉਹ
ਆਪਣੀ ਪੁਸਤਕ ਨੂੰ ਲੈਣ ਪਰਤ ਆਇਆ
ਪਰ ਉਸ ਦੁੱਖਾਂ ਦੀ ਮਾਰੀ ਨੂੰ
ਸਿਉਂਕ ਲਗ ਚੁਕੀ ਸੀ
ਤੇ ਉਸ ਦੇ ਹੰਝੂ ਹੁਣ
ਜ਼ਖਮੀ ਪੰਨਿਆਂ ਤੇ ਡਿੱਗ ਰਹੇ ਸਨ।

## ਹਾਦਸਾ

ਮੈਂ ਉਡੀਕ ਕਰਦਾ ਰਿਹਾ
ਉਸ ਚੰਨ ਦੀ ਚਾਨਣੀ ਜਿਹੀ ਦੀ
ਤੇ ਰਾਤਾਂ ਨੂੰ ਸੁਲਗਦਾ ਰਿਹਾ ਆਪਣੇ ਹੀ ਬਿਸਤਰ ਤੇ
ਅਤੇ ਉਣਦਾ ਰਿਹਾ ਬੇਸ਼ੁਮਾਰ ਰੰਗੀਨ ਸੁਪਨੇ
ਉਧੇੜ ਦਿੰਦੀਆਂ ਰਹੀਆਂ ਜੋ
ਘੜੀ ਦੀਆਂ ਬੇਰਹਿਮ ਸੂਈਆਂ
ਤੇ ਉਸ ਨੂੰ ਪੌਣ ਹੱਥ ਸੁਨੇਹੇ ਘਲਦਾ ਰਿਹਾ
ਸਾਰੀ ਸਾਰੀ ਰਾਤ ਸੁਣਾਉਂਦਾ ਰਿਹਾ
ਆਪਣੇ ਹਿਜਰ ਦੀ ਦਾਸਤਾਂ
ਅੰਬਰ ਦੇ ਤਾਰਿਆਂ ਨੂੰ
ਝੱਲਿਆਂ ਦੇ ਵਾਂਗ ਤਸੱਵਰ ਵਿਚ
ਕਰਦਾ ਰਿਹਾ ਉਸ ਨਾਲ ਗੱਲਾਂ
ਅਨੇਕਾਂ ਖ਼ਤ ਲਿਖ ਕੇ ਉਸ ਨੂੰ
ਖੁਦ ਹੀ ਪੜ੍ਹ ਕੇ ਪਾੜ ਸੁਟਦਾ ਰਿਹਾ
ਅਤੇ ਰੋਜ਼ ਹੀ ਅੱਗ ਦੇ ਘੁੱਟ ਭਰਦਾ ਰਿਹਾ
ਪਰ ਉਸ ਦੇ ਬਿਨਾਂ, ਮੇਰੇ ਘਰ

ਹਨੇਰਾ ਸੀ ਹਨੇਰਾ ਹੀ ਰਿਹਾ
ਤੇ ਆਖਰ ਇਸ ਚੌਗਿਰਦੇ ਦੀ
ਘੁਟਣ ਤੋਂ ਤੰਗ ਆ ਕੇ
ਜਿਸ ਵਿਚ ਹੋ ਗਿਆ ਸੀ ਮੁਸ਼ਕਿਲ ਸਾਹ ਲੈਣਾ
ਮੈਂ ਉਸ ਦੀ ਭਾਲ ਵਿਚ
ਘਰ ਤੋਂ ਨਿਕਲ ਤੁਰਿਆ
ਭਟਕਦਾ ਹੀ ਰਿਹਾ ਬਹੁਤ ਦੇਰ
ਕਿਸ ਤਰ੍ਹਾਂ ਕਿਸ ਤੋਂ ਪੁਛਦਾ ਉਸ ਦਾ ਪਤਾ
ਮੂੰਹ ਤੇ ਮਜਬੂਰੀ ਦਾ ਤਾਲਾ ਸੀ
ਤੇ ਫਿਰ ਜਦੋਂ ਹਾਰ ਕੇ ਨਿਰਾਸ਼ ਹੋ
ਮੈਂ ਆਪਣੇ ਹੀ ਘਰ ਪਰਤ ਆਇਆ
ਤਾਂ ਕੰਧਾਂ ਮੇਰੇ ਤੇ ਰੋ ਪਈਆਂ
ਹਾਏ ! ਚਾਨਣੀ ਤਾਂ ਮੇਰੇ ਘਰ ਆ ਕੇ
ਪਰਤ ਚੁਕੀ ਸੀ
ਜਦੋਂ ਹੋਸ਼ ਆਈ
ਮੈਂ ਫਿਰ ਹਨੇਰੇ ਵਿਚ ਡਿੱਗਿਆ ਪਿਆ ਸਾਂ।

## ਕੈਂਸਰ

ਹੁਣ ਭਲਾ ਇਸ ਰੋਗ ਦਾ
ਕੀ ਇਲਾਜ ਹੋ ਸਕਦੈ ?
ਇਸ ਦੀਆਂ ਜੜ੍ਹਾਂ ਤਾਂ
ਬਹੁਤ ਫੈਲ ਚੁਕੀਆਂ ਹਨ
ਜੇ ਕਦੇ ਪਹਿਲਾਂ ਮਿਲ ਜਾਂਦੀਆਂ
ਤੇਰੇ ਪਿਆਰ ਦੀਆਂ ਕਿਰਨਾਂ
ਤਾਂ ਇਹ ਚੰਦਰਾ ਰੋਗ ਕਿਉਂ ਹੁੰਦਾ ?
ਖੈਰ ਦੋਸ਼ ਤੇਰਾ ਵੀ ਕੁਝ ਨਹੀਂ
ਤੇਰੇ ਕਦਮਾਂ ਅੱਗੇ ਤਾਂ
ਵਗ ਰਹੀ ਸੀ ਬੰਦਸ਼ਾਂ ਦੀ ਝਨਾਂ
ਮੈਂ ਵੀ ਤਾਂ ਅੰਗਿਆਰਾਂ ਦੇ ਥਲ ਨੂੰ
ਟੱਪ ਨਹੀਂ ਸਕਿਆ
ਚਲੋ ਜੋ ਹੋਣਾ ਸੀ ਹੋ ਗਿਆ
ਪਰ–
ਇਹ ਵੀ ਤਾਂ ਕਿੰਨੀ ਖੁਸ਼ਨਸੀਬੀ ਹੈ
ਕਿ ਅੰਤਲੇ ਪਲਾਂ ਤੋਂ ਪਹਿਲਾਂ
ਤੂੰ ਆਣ ਪਹੁੰਚੀ ਏਂ
ਜਿੰਦ ਹੁਣ ਡਾਢੀ ਸੁਖਾਲੀ ਨਿਕਲ ਜਾਵੇਗੀ
ਪਰ ਵਾਸਤਾ ਈ
ਹੋਰ ਹੁਣ ਨੇੜੇ ਨਾ ਆ
ਮਤਾਂ ਤੈਨੂੰ ਵੀ ਨਾ
ਇਹ ਮਾਰੂ ਰੋਗ ਲਗ ਜਾਏ
ਤੇਰਾ ਦੂਰੋਂ ਹੀ ਸਲਾਮ ਕਾਫੀ ਏ
ਤੂੰ ਸਲਾਮਤ ਰਹੇਂ
ਮੈਂ ਤੇਰੀ ਏਹੋ ਖ਼ੈਰ ਮੰਗਦਾ ਹਾਂ।

## ਰਿਸ਼ਤੇ ਕਿੰਨੇ ਬਦਲ ਗਏ ਨੇ

ਕਦੇ ਤੂੰ ਮੇਰੀ ਮਹਿਬੂਬਾ ਸੈਂ
ਪਰ ਅੱਜ ਤੇਰੇ ਮਾਲਕ ਸਾਹਵੇਂ
ਆਪਣੇ ਹੋਠੀਂ ਜੀਭਾ ਉੱਤੇ
ਧਰ ਅੰਗਿਆਰਾ ਮੱਘਦਾ ਮੱਘਦਾ
ਤੈਨੂੰ ਆਪਣੀ ਭੈਣ ਕਿਹਾ ਏ
ਹੋ ਚੁਕੀ ਏ ਤੇਰੀ ਸ਼ਾਦੀ।
ਕਦੇ ਮੈਂ ਤੇਰਾ ਹੀ ਮਹਿਰਮ ਸਾਂ
ਪਰ ਕਲ ਮੇਰੀ ਪਤਨੀ ਸਾਹਵੇਂ
ਦਿਲ ਦੇ ਉੱਤੇ ਪੱਥਰ ਰੱਖ ਕੇ
ਕੌੜਾ ਜ਼ਹਿਰੀ ਘੁੱਟ ਤੂੰ ਭਰ ਕੇ
ਮੈਨੂੰ ਆਪਣਾ ਵੀਰ ਕਿਹਾ ਸੀ
ਹੋ ਚੁਕੀ ਏ ਮੇਰੀ ਸ਼ਾਦੀ
ਰਿਸ਼ਤੇ ਕਿੰਨੇ ਬਦਲ ਗਏ ਨੇ।

## ਸੁਪਨਿਆਂ ਦਾ ਭੇਦ

ਚੰਨ ਚਾਨਣੀਆਂ ਰਾਤਾਂ ਨੂੰ ਜਦ
ਧੁਰ ਮੰਜ਼ਲ ਤੇ ਤੂੰ ਸੌਂਦੀ ਏਂ
ਪਤਾ ਈ ! ਤੈਨੂੰ ਮਿੱਠੇ ਸੁਪਨੇ
ਕਿਉਂ ਆਉਂਦੇ ਨੇ?
ਚੰਨ ਦੀਆਂ ਰਿਸ਼ਮਾਂ ਪੌਣ ਪੁਰੇ ਦੀ
ਪਿਆਰ ਮੇਰਾ ਤੇ ਰੀਝ ਦਿਲੇ ਦੀ
ਤੇਰੇ ਗੋਰੇ ਕੂਲੇ ਅੰਗੀਂ
ਪੋਲੇ ਜਿਹੇ ਹਨ ਧੂੜ ਆਉਂਦੀਆਂ।
ਸੁਪਨੇ ਲੈਂਦੀ ਨੀਂਦ ਵਿਗੁੱਤੀ
ਕਿੰਨੀ ਸੁਹਣੀ ! ਕਿੰਨੀ ਪਿਆਰੀ
ਤੂੰ ਲਗਦੀ ਏਂ
ਚੰਨ ਦੇ ਦਰਪਣ ਵਿਚੋਂ ਤੈਨੂੰ
ਤੱਕ ਲੈਂਦਾ ਹਾਂ।

## ਮਰਮਰੀ ਬੁੱਤ

ਕੂਲੇ ਚਿੱਟੇ ਸੁੰਦਰਤਾ ਦੇ
ਸੋਹਲ ਬੁੱਤ ਨੂੰ
ਕੁਤਕੁਤਾਰੀਆਂ ਕੱਢਦੇ ਕੱਢਦੇ
ਥੱਕ ਗਏ ਹਨ ਨਜ਼ਰਾਂ ਦੇ ਪੋਟੇ
ਐਪਰ ਅਜ ਉਸ ਸੰਗਦਿਲ ਕੋਲੋਂ
ਮੁਸਕਾਨਾਂ ਦੀ
ਇਕ ਵੀ ਤਕਣੀ ਲੈ ਨਾ ਸਕੇ।
ਹੁਸਨਾਂ ਮੱਤਾ
ਇਹ ਬੁੱਤ ਗਰਦਨ ਨਹੀਂ ਭਵਾਂਦਾ
ਕਦੇ ਕਦੇ ਪਰ ਕਣੀਆਂ ਕਿਰਨਾਂ
ਰਿਸ਼ਮਾਂ ਰੰਗਾਂ, ਮਹਿਕ ਸੁਗੰਧਾਂ
ਪੌਣਾਂ ਦਾ ਜਾਂ ਧੋਤਾ ਹੋਵੇ
ਦਿਲ ਚਾਹੇ ਤਾਂ ਇੱਕੋ ਮਿੱਠੀ
ਪਿਆਰੀ ਨਜ਼ਰੇ
ਸੌ ਨਿੱਘੇ ਚੁੰਮਣ ਦੇ ਜਾਵੇ
ਏਸੇ ਲਈ ਤਾਂ ਬੁੱਤ ਮਰਮਰੀ
ਫਿਰ ਵੀ ਡਾਹਢਾ ਪਿਆਰਾ ਲੱਗੇ।

## ਸੁਪਨ ਹੰਡਾਇਆ

ਸਾਰੇ ਦਿਨ ਦੇ ਹੁਸੜ ਪਿੱਛੋਂ
ਸਿਰ ਤੇ ਬੱਦਲ ਘਿਰ ਆਏ ਨੇ
ਸੀਤਲ ਪੌਣ ਹੈ ਰੁਮਕਣ ਲੱਗੀ
ਇਕ ਦੂਸਰੇ ਨੂੰ ਫੁੱਲ ਪੱਤੀਆਂ
ਮਿੱਠਾ ਮਿੱਠਾ ਛੇੜ ਰਹੇ ਨੇ।
ਸਰਘੀ ਵੇਲੇ ਵਿਛੜੇ ਪੰਛੀ
ਸੰਝ ਪਈ ਫਿਰ ਆਣ ਮਿਲੇ ਹਨ
ਚੁੰਝਾਂ ਦੇ ਵਿਚ ਚੁੰਝਾਂ ਪਾ ਕੇ
ਇਹ ਹਨ ਪਏ ਕਲੋਲਾਂ ਕਰਦੇ
ਅਨਹਦ ਰਾਗ ਪਿਆ ਵੱਜਦਾ।
ਅੰਬਰ ਦੀ ਇਕ ਕੰਨੀ ਫੜ ਕੇ
ਪ੍ਰੀਤ ਮਿਲਣ ਦੀ ਰਾਸ ਰਚਾਈ
ਹਰ ਬਦਲੋਟੀ ਦੀ ਚੋਲੀ ਤੇ
ਕਿਰਨਾਂ ਦੀ ਕੇਸਰ-ਪਿਚਕਾਰੀ
ਸੂਹਾ ਸੂਰਜ ਛਿੜਕ ਰਿਹਾ ਹੈ।
ਤੂੰ ਵੀ ਆਪਣਾ ਤਜ ਕੇ ਰੋਸਾ
ਕੀਤਾ ਜੋ ਇਕਰਾਰ ਨਿਭਾਵੇਂ
ਮੈਂ ਜੋ ਰੰਗ ਪਿਆ ਤੱਕਦਾ ਹਾਂ

ਮੇਰੇ ਤੇ ਵੀ ਰੰਗ ਆ ਜਾਵੇ
ਏਸ ਘੜੀ ਜੇਕਰ ਆ ਜਾਵੇਂ।
ਘਾਹ ਦੇ ਹਰੇ ਵਿਛਾਉਣੇ ਉਤੇ
ਫਿਰ ਆਪਾਂ ਦੋਵੇਂ ਪੈ ਜਾਈਏ
ਝਿਲ ਮਿਲ ਕਰਦੀ ਪੀਲੀ ਚਾਦਰ
ਪੂਨਮ ਸਾਡੇ ਤੇ ਪਾ ਦੇਵੇ
ਬਾਤਾਂ ਨੂੰ ਮਿਲ ਜਾਏ ਹੁੰਗਾਰਾ।
ਸੁੰਦਰਤਾ ਤੇ ਨਿੱਘ ਸਾਹਾਂ ਦਾ
ਹੋਵਣ ਵਿਚ ਕਲਾਵੇ ਮੇਰੇ
ਮੇਰੇ ਸਾਰੇ ਸੁੰਨ ਅੰਗਾਂ ਨੂੰ
ਮੁੜ ਤੇਰੀ ਛੁਹ ਧੜਕਣ ਲਾਵੇ
ਉਮਰਾਂ ਦੀ ਤ੍ਰਿਸ਼ਨਾ ਮਿਟ ਜਾਵੇ।
ਜਦ ਉਠਾਂ ਤਾਂ ਫਿਰ ਇਉਂ ਜਾਪੇ
ਜਿਉਂ ਇਕ ਰਾਤ ਸਵਰਗੀਂ ਮਾਣੀ
ਜਾਂ ਚਾਨਣ ਦੇ ਸਰਵਰ ਅੰਦਰ
ਵਿਚ ਕਲਪਨਾ ਨ੍ਹਾਵਣ ਦੇ ਲਈ
ਮੈਂ ਇਕ ਸੁੰਦਰ ਸੁਪਨ ਹੰਡਾਇਆ।

## ਲਹਿਰਾਂ ਦਾ ਜ਼ੁਲਮ

ਬਹੁਤ ਖੁਸ਼ ਸਾਂ
ਚਿਰਾਂ ਦੀ ਭਟਕਣਾ ਪਿਛੋਂ
ਮੇਰੇ ਜੀਵਨ ਦੀ ਕਿਸ਼ਤੀ ਨੂੰ
ਕਿਨਾਰਾ ਆਣ ਮਿਲਿਆ ਹੈ
ਤੇ ਇਕ ਹੁਸਨਾਂ ਦੀ ਸ਼ਹਿਜ਼ਾਦੀ
ਮੇਰੀ ਰਸ-ਹੀਨ ਜ਼ਿੰਦਗੀ ਵਿਚ
ਮੁਹੱਬਤ ਦੀ, ਮਿਠਾਸ ਘੋਲੀ ਹੈ
ਤੇ ਉਸ ਦੇ ਦਿਲਕਸ਼
ਮਖਮਲੀ ਅੰਗਾਂ ਦੀ
ਨਿੱਘੀ ਛੁਹ ਦੇ ਜਾਦੂ ਨੇ
ਹੁਸੀਨ ਜ਼ੁਲਫਾਂ ਦੀ ਛਾਂ ਥੱਲੇ
ਕਾਇਆ ਕਲਪ ਕੀਤਾ ਹੈ।
ਪਰ-
ਮੈਂ ਜਾਣਦਾ ਸਾਂ
ਕਿ ਇਹ ਖੁਸ਼ੀ ਦੇ ਪਲ
ਬਹੁਤੀ ਦੇਰ ਨਹੀਂ ਰਹਿਣੇ

ਤੇ ਗੱਲ ਆਖ਼ਿਰ ਉਹੀ ਹੋਈ
ਝੱਖੜ ਕਹਿਰ ਦਾ ਝੁੱਲਿਆ
ਚੱਪੂ ਟੁੱਟ ਗਏ ਮੇਰੇ
ਸਮੇਂ ਦੀਆਂ ਬੇ-ਰਹਿਮ ਲਹਿਰਾਂ
ਮੇਰੀ ਕਿਸ਼ਤੀ ਨੂੰ ਹੁਣ-
ਵੀਰਾਨ ਟਾਪੂ ਤੇ ਹੈ ਪਟਕਾਇਆ।
ਹਵਾ ਡਾਢੀ ਕੁਸੈਲੀ ਹੈ
ਬਾਹਰ ਲੂ ਜੋ ਚਲਦੀ ਹੈ
ਤਾਂ ਅੰਦਰ ਭੱਠ ਤਪਦਾ ਹੈ
ਮੇਰੇ ਪਿੰਡੇ ਤੇ ਛਾਲੇ ਹਨ
ਕਿਸੇ ਨੂੰ ਨਜ਼ਰ ਨਹੀਂ ਆਉਂਦੇ
ਕਿਸੇ ਨੂੰ ਨਜ਼ਰ ਨਹੀਂ ਆਉਣੇ
ਦਿਨੇ ਰਾਤੀਂ ਤੜਫ਼ਦਾ ਹਾਂ।

## ਏਸ ਪੰਧ ਨੂੰ ਕੌਣ ਮੁਕਾਏ ?

ਏਸ ਸ਼ਹਿਰ ਵਿਚ ਤੂੰ ਵੱਸਦੀ ਹੈਂ
ਏਸ਼ ਸ਼ਹਿਰ ਵਿਚ ਮੈਂ ਵੱਸਦਾ ਹਾਂ
ਐਪਰ ਇਕ ਦੂਜੇ ਨੂੰ ਤੱਕਿਆਂ
ਯੁਗੜੇ ਹੀ ਤਾਂ ਬੀਤ ਗਏ ਨੇ
ਮਿਲ ਸਕੀਏ ਜਾਂ ਦਿਲ ਦੀ ਧੜਕਨ
ਸਾਂਝੀ ਕਰੀਏ
ਭਰ ਸਕੀਏ ਜਾਂ ਇਕ ਦੂਜੇ ਦਾ
ਅਸੀਂ ਹੁੰਗਾਰਾ
ਇਹ ਤਾਂ ਵਿਚ ਕਲਪਨਾ ਹੀ ਬੱਸ
ਕਰ ਸਕਦੇ ਹਾਂ।
ਇਸ ਧਰਤੀ ਤੇ
ਇਸ ਦੀ ਕੌਣ ਇਜਾਜ਼ਤ ਦੇਵੇ ?
ਭਰੇ ਭਰਾਏ ਉਪਰੋਂ ਦਿੱਸੀਏ
ਪਰ ਅੰਦਰੋਂ ਹਾਂ ਸੱਖਣੇ ਸੱਖਣੇ
ਡੂੰਘੀਆਂ ਖੱਡਾਂ
ਏਸ ਅਸਾਡੇ ਸੱਖਣੇ-ਪਣ ਨੂੰ

ਇਕ ਦੂਜੇ ਬਿਨ
ਸਾਗਰ ਵੀ ਤਾਂ, ਭਰ ਨਹੀਂ ਸਕਦੇ।
ਹੁਣ ਮੈਂ ਜਾਤਾ
ਕਿਉਂ ਹਾਂ ਅਸੀਂ ਡਰਾਉਣੇ ਲਗਦੇ ?
ਏਹੋ ਹੀ ਸੱਖਣਾ ਪਣ ਸਾਡਾ
ਅੱਜ ਅਸਾਨੂੰ ਏਸ ਜਗ੍ਹਾ ਤੇ
ਲੈ ਆਇਆ ਹੈ।
ਪੰਛੀਆਂ ਦੇ ਕੁਝ ਬੋਲ ਸੁਰੀਲੇ
ਲੰਮੇ ਉੱਚੇ ਰੁੱਖ-ਪਾਰਕ ਦੇ
ਅਤੇ ਅਥਾਹ ਪੌਣ ਦਾ ਸਾਗਰ
ਖਵਰੇ ਕੁਝ ਕੁ ਭਰਨ ਅਸਾਨੂੰ
ਪਰ-
ਤੇਰੇ ਸੰਗ ਤੇਰਾ ਮਾਲਿਕ ਹੈ
ਮੇਰੇ ਸੰਗ ਮੇਰੀ ਪਤਨੀ ਹੈ
ਇਕ ਦੂਜੇ ਵਲ
ਰਜ ਕੇ ਵੀ ਤਾਂ ਤਕ ਨਹੀਂ ਸਕਦੇ
ਜਿਉਂ ਸਾਡੀਆਂ ਨਜ਼ਰਾਂ ਤੇ ਪਹਿਰਾ
ਤੇ ਬੁਲ੍ਹਾਂ ਨੂੰ ਹੋਵੇ ਸੀਤਾ
ਇਕ ਦੂਜੇ ਤੋਂ
ਅਸੀਂ ਨਾਵਾਕਿਫ਼ ਅਤੇ ਬਿਗਾਨੇ

ਬਨਣਾ ਚਾਹੀਏ
ਕੁਝ ਪਲ ਪਿਛੋਂ
ਨਜ਼ਰ ਬਚਾ ਕੇ ਤੂੰ ਤਕਿਆ ਹੈ
ਨਜ਼ਰ ਬਚਾ ਕੇ ਮੈਂ ਤਕਿਆ ਹੈ
ਕਿੰਨਾ ਹੀ ਕੁਝ ਇਕ ਦੂਜੇ ਨੂੰ
ਤਕਣੀ ਤਕਣੀ ਵਿਚ ਕਿਹਾ ਹੈ।
ਪਰ ਕਿੰਨੇ ਹੁਣ ਡਰੇ ਡਰੇ ਹਾਂ
ਮਤਾਂ ਅਸਾਡੀ
ਇਹ ਵੀ ਚੋਰੀ ਫੜੀ ਨਾ ਜਾਵੇ
ਤੇ ਦੋਵੇਂ ਬਣ ਜਾਈਏ ਮੁਜਰਿਮ
ਸ਼ੰਕੇ ਦੀ ਇਕੋ ਚੰਗਿਆੜੀ
ਵੱਡਾ ਭਾਂਬੜ ਬਣ ਸਕਦੀ ਹੈ
ਅਸੀਂ ਤਾਂ ਪਹਿਲਾਂ ਹੀ ਧੁਖਦੇ ਹਾਂ
ਮਤਾਂ ਨਾ ਹੋਰ ਕੋਈ ਸੜ ਜਾਵੇ
ਕੁਝ ਕਦਮਾਂ ਦੀ ਵਿੱਥ ਸਾਡੇ ਵਿਚ
ਇਉਂ ਜਾਪੇ ਜਿਉਂ,
ਸੱਤ ਸਮੁੰਦਰਾਂ ਦਾ ਪੰਧ ਹੋਵੇ
ਏਸ ਕਿਨਾਰੇ ਮੈਂ ਬੈਠਾ ਹਾਂ
ਓਸ ਕਿਨਾਰੇ ਤੂੰ ਬੈਠੀ ਹੈਂ
ਏਸ ਪੰਧ ਨੂੰ ਕੌਣ ਮੁਕਾਏ।

## ਜੰਗਲ ਤੇ ਯਾਦਾਂ

ਮੈਂ ਏਥੋਂ ਲੈ ਚਲਿਆ ਹਾਂ
ਕੁਝ ਘਾਹ ਦੀਆਂ ਤਿੜਾਂ
ਤੇ ਉਹ ਗੀਟੇ
ਜਿਨਾਂ ਤੇ ਅਸੀਂ ਦੋਹਾਂ ਨੇ ਬਹਿਕੇ
ਇਕ ਦੂਜੇ ਵਿਚ ਸਮੋਅ ਜਾਣ ਦਾ
ਇਕਰਾਰ ਕੀਤਾ ਸੀ
ਤੇ ਉਸ ਵੱਡੇ ਲਾਲ ਪੱਥਰ ਨੂੰ
ਚੁੰਮ ਕੇ ਸਿਰ ਨਿਵਾਇਆ ਹੈ
ਜੋ ਸਾਡੇ ਮੋਹ ਦੇ ਪਲਾਂ ਦੀ
ਗਵਾਹੀ ਸਦੀਆਂ ਤਕ ਸਾਂਭ ਰਖੇਗਾ
ਤੇ ਜਿਸ ਨੇ ਸਭ ਕੁਝ ਜਾਣਦੇ ਹੋਏ ਵੀ
ਸਾਡੀ ਮੁਹੱਬਤ ਦੇ ਰਾਜ਼ ਨੂੰ
ਕਦੀ ਵੀ ਨਸ਼ਰ ਨਹੀਂ ਕਰਨਾ
ਕਿੰਨਾਂ ਵਿਸ਼ਾਲ ਤੇ ਕੋਮਲ ਹਿਰਦਾ ਹੈ ਇਸ ਦਾ
ਪੱਥਰ ਤਾਂ ਉਹ ਲੋਕ ਹਨ
ਜੋ ਦੂਜਿਆਂ ਦੀ ਖੁਸ਼ੀ ਜਰ ਨਹੀਂ ਸਕਦੇ
ਆਪਣੀ ਮੁਹੱਬਤ ਦੇ ਇਸ ਰਾਜ਼ਦਾਨ ਨੂੰ
ਚੜ੍ਹਾ ਚਲਿਆ ਹਾਂ
ਮੈਂ ਆਪਣੇ ਹੰਝੂਆਂ ਦਾ ਅਰਘ
ਮੈਂ ਇਸ ਵਾਦੀ ਦੇ ਉਸ ਮੋੜ ਨੂੰ ਵੀ
ਸਿਰ ਝੁਕਾਇਆ ਹੈ
ਜਿਸ ਕਦੀ ਸਾਨੂੰ ਤੇ ਸਾਡੇ
ਹੁਸੀਨ ਰੰਗਲੇ ਪਲਾਂ ਨੂੰ

ਆਪਣੀ ਬੁੱਕਲ ਵਿਚ ਲੁਕੋਇਆ ਸੀ
ਬੜੀ ਮੁੱਦਤ ਤੋਂ ਬਾਅਦ
ਅੱਜ ਮੈਂ ਏਥੇ ਇਕੱਲਿਆਂ
ਤੈਨੂੰ ਯਾਦ ਕਰ ਡੂੰਘਾ ਸਾਹ ਲਿਆ ਹੈ
ਅਜੇ ਵੀ ਮੈਨੂੰ ਏਥੇ ਹਵਾ 'ਚੋਂ
ਤੇਰੇ ਨਿੱਘੇ ਸੰਦਲੀ ਸਾਹਾਂ ਦੀ ਮਹਿਕ ਆਉਂਦੀ ਹੈ
ਮੈਂ ਫਿਰ ਉਸ ਚਸ਼ਮੇ 'ਚੋਂ ਪਾਣੀ ਦੇ
ਕੁਝ ਘੁੱਟ ਪੀਤੇ ਹਨ
ਜਿਸ ਦੇ ਪਾਣੀ ਨੂੰ
ਤੇਰੇ ਗੁਲਾਬੀ ਹੋਠਾਂ ਨੇ ਛੋਹਿਆ ਸੀ
ਉਸ ਦੇਵਦਾਰ ਦੇ ਰੁੱਖ ਸੰਗ ਲਿਪਟਿਆ ਹਾਂ
ਜਿਸ ਦੇ ਹੇਠ ਅਸੀਂ ਦੋਵੇਂ ਕੁਝ ਪਲ
ਇਕ ਦੂਜੇ ਵਿਚ ਅਭੇਦ ਹੋਏ ਸੀ
ਏਥੇ ਘਾਹ ਤੇ ਲੇਟੇ ਨੂੰ
ਤੇਰੇ ਗੋਰੇ, ਮਖ਼ਮਲੀ ਬਦਨ ਦੀ ਨਿੱਘੀ ਛੂਹ
ਮੇਰੇ ਜਿਸਮ ਵਿਚ ਹੁਣ ਵੀ
ਪਿਆਰ ਦੀ ਝਰਨਾਹਟ ਛੇੜਦੀ ਹੈ
ਕਿੰਨਾਂ ਖ਼ੂਬਸੂਰਤ ਸਜੀਵ ਹੈ ਇਹ ਜੰਗਲ
ਕੋਈ ਵੀ ਬਿਰਖ, ਤਿਨਕਾ, ਪੱਥਰ, ਚਸ਼ਮਾਂ
ਏਥੇ ਨਿਰਜਿੰਦ ਨਹੀਂ
ਨਿਰਜਿੰਦ ਤਾਂ ਉਹ ਲੋਕ ਹਨ
ਜੋ ਦੂਜਿਆ ਦੀ ਖ਼ੁਸ਼ੀ ਵੇਖ
ਸੜ ਕੇ ਸਵਾਹ ਹੋ ਜਾਂਦੇ ਨੇ।

## ਉਹ ਮੁੰਡਾ

ਉਹ ਮੁੰਡਾ ਜੋ ਫੁੱਲਾਂ ਦੀ ਰੁੱਤੇ
ਸਿਰ ਤੇ ਪੱਠਿਆਂ ਦੀ ਭਰੀ ਚੁੱਕੀ
ਫੁੱਲਾਂ ਦੇ ਗੀਤ ਗਾਉਂਦਾ ਜਾ ਰਿਹਾ ਹੈ
ਉਹ ਨਹੀਂ ਜਾਣਦਾ ਕਿ ਅਜੇ
ਫੁੱਲਾਂ, ਕਲੀਆਂ ਬਾਗਾਂ ਤੇ
ਉਹਨਾਂ ਲੋਕਾਂ ਦਾ ਕਬਜ਼ਾ ਹੈ
ਜੋ ਉਸ ਜਿਹੇ ਫੁੱਲਾਂ ਨੂੰ
ਰੋਜ਼ ਕੰਡਿਆਂ ਨਾਲ ਵਿੰਨ੍ਹਦੇ ਨੇ
ਫਿਰ ਵੀ ਉਹ ਕਦੀ ਕਦੀ
ਹਵੇਲੀ 'ਚੋਂ ਚੋਰੀ ਤੋੜਿਆ ਫੁੱਲ
ਆਪਣੀਆਂ ਲਟੂਰੀਆਂ 'ਚ ਟੁੰਗ ਲੈਂਦਾ ਹੈ
ਫੁੱਲ ਜੋ ਉਸ ਦੀ ਹਾਨਣ
ਉਸ ਦੇ ਸਰਦਾਰਾਂ ਦੀ
ਸੁਲਫੇ ਦੀ ਲਾਟ ਵਰਗੀ
ਕੁੜੀ ਦੇ ਗੁਲਾਬੀ ਮੁੱਖ ਜਿਹਾ ਹੈ
ਜੋ ਉਸ ਦੇ ਮਿੱਟੀ ਲਿਬੜੇ
ਸੰਧੂਰੀ ਚਿਹਰੇ ਤੇ ਹਰਨੋਟੇ ਨੈਣਾਂ ਤੇ
ਮਰਮਿਟੀ ਸੀ
ਜਿਸ ਨੇ ਕਦੀ ਉਸ ਨੂੰ
ਬਾਹਰਲੇ ਘਰ ਵੇਖ 'ਕਲਿਆਂ

ਇਕ ਸੂਹਾ ਫੁੱਲ
ਆਪਣੇ ਰੇਸ਼ਮੀ ਵਾਲਾਂ 'ਚ
ਟੁੰਗਣ ਲਈ ਦਿਤਾ ਸੀ
ਜਿਸ ਦੇ ਮਲੂਕ ਹੱਥਾਂ ਤੋਂ
ਉਸ ਦੇ ਫੌਲਾਦੀ ਡੌਲਿਆਂ ਦੀਆਂ ਛੱਲੀਆਂ
ਤੇ ਪੱਟਾਂ ਦੀਆਂ ਘੁੱਗੀਆਂ ਤੇ
ਚੂੰਡੀ ਵੀ ਨਹੀਂ ਸੀ ਭਰ ਹੋਈ
ਪਰ ਉਸ ਦਾ ਚਟਾਨ ਜਿਹਾ ਪਿੰਡਾ
ਚੀਨੀ ਕਬੂਤਰੀ ਜਿਹੀ ਕੁੜੀ ਦੇ
ਨਾਜ਼ਕ ਪੋਟਿਆਂ ਦੀ ਨਿੱਘੀ ਛੁਹ ਨਾਲ
ਮੋਮ ਹੀ ਤਾਂ ਬਣ ਗਿਆ ਸੀ
ਉਹ ਮੁੰਡਾ ਹੁਣ ਹਰ ਰੋਜ਼
ਫੁੱਲਾਂ ਦੇ ਗੀਤ ਗਾਉਂਦਾ ਹੈ
ਭਾਵੇਂ ਉਸ ਦੀਆਂ ਰੀਝਾਂ
ਟੋਕੇ ਤੇ ਕੁੱਤਰਾ ਕਰਦਿਆਂ
ਪੱਠਿਆਂ ਨਾਲ ਰੋਜ਼ ਟੁੱਕੀਆਂ ਜਾਂਦੀਆਂ ਨੇ
ਤੇ ਬੇਸ਼ਕ ਉਸ ਦੇ ਸਾਰੇ ਰੰਗੀਨ ਸੁਪਨੇ
ਵੇਲਣੇ ਵਿਚ ਗੰਨਿਆਂ ਵਾਂਗ ਪੀੜੇ ਗਏ ਨੇ
ਪਰ ਉਸ ਨੇ ਫੁੱਲਾਂ ਦੇ ਗੀਤ ਗਾਉਣੇ ਨਹੀਂ ਛੱਡੇ।

## ਗੀਤ

♦

ਸੱਜਣਾ ਵੇ ਮੈਂ ਤੇਰੇ ਬੋਲਾਂ, ਦਾ ਕਿੰਝ ਕਰਜ਼ ਉਤਾਰਾਂ
ਇਹ ਕਰਜ਼ਾ ਤਾਂ ਲਾਹ ਨਹੀਂ ਹੋਣਾ, ਚਾਹੇ ਜਿੰਦੜੀ ਵਾਰਾਂ।
ਤੇਰੇ ਬੋਲਾਂ ਬਿਨ ਲੱਗਦੀ ਸੀ, ਜਿੰਦ ਮੋਈ ਕਿ ਮੋਈ।
ਪਰ ਤੇਰੇ ਬੋਲਾਂ ਨੇ ਘੋਲੀ, ਇਸ ਅੰਦਰ ਖੁਸ਼ਬੋਈ।
ਸੁਣ ਕੇ ਤੇਰੇ ਬੋਲ ਸੁਰੀਲੇ, ਟੁਣਕਣ ਦਿਲ ਦੀਆਂ ਤਾਰਾਂ।
ਚਾਨਣ ਸੁੱਚਾ ਮੋਹ ਹੈ ਤੇਰਾ, ਹਰ ਇਕ ਬੋਲ ਪਿਆਰਾ
ਜਿਸ ਨੂੰ ਸੁਣ ਕੇ ਹੋਇਆ ਮੇਰੇ, ਤਨ ਮਨ ਵਿਚ ਉਜਿਆਰਾ
ਅੰਗ ਸੰਗ ਤੇਰੇ ਬੋਲ ਰਹਿਣ ਜੇ, ਕੋਈ ਨਾ ਬਾਜ਼ੀ ਹਾਰਾਂ।
ਬੋਲ ਤੇਰੇ ਨੇ ਅਸਲੀ ਹੀਰੇ, ਲਾਲ ਜਵਾਹਰ ਮੋਤੀ
ਤੇਰੇ ਇਨ੍ਹਾਂ ਬੋਲਾਂ ਦਿੱਤੀ, ਮੁੜ ਹੈ ਜੀਵਨ ਜਿਉਤੀ।
ਤੇਰੇ ਬੋਲ ਅਮੋਲਕ ਕਿੰਝ ਮੈਂ, ਮੁੱਲ ਇਨ੍ਹਾਂ ਦਾ ਤਾਰਾਂ।
ਸੁਣ ਤੇਰੇ ਬੋਲਾਂ ਨੂੰ ਆਈ, ਮੁੜ ਹਰ ਯਾਦ ਸੁਹਾਣੀ
ਇਨ੍ਹਾਂ ਬੋਲਾਂ ਅੰਦਰ ਆਪਣੀ, ਪਿਆਰ ਦੀ ਮੂਕ ਕਹਾਣੀ।
ਬੋਲ ਤੇਰੇ ਮੈਂ ਸਾਂਭੇ ਸੀਨੇ, ਇਹ ਨਾਂਹ ਕਦੀ ਵਿਸਾਰਾਂ
ਸੱਜਣਾ ਵੇ ਮੈਂ ਤੇਰੇ ਬੋਲਾਂ ਦਾ ਕਿੰਝ ਕਰਜ਼ ਉਤਾਰਾਂ।

♦

ਸ਼ਾਮ ਢਲੀ ਹੈ ਆ ਵੇ ਸੱਜਣਾਂ।
ਚੰਨ ਮੁੱਖੜਾ ਦਿਖਲਾ ਵੇ ਸੱਜਣਾਂ।
ਹਰ ਪਾਸੇ ਮੇਰੇ ਹੈ ਨ੍ਹੇਰਾ
ਆ ਕੇ ਨ੍ਹੇਰ ਮਿਟਾ ਵੇ ਸੱਜਣਾਂ।
ਅੰਗ ਅੰਗ ਮੇਰਾ ਬਿਰਹੋਂ ਪੱਛਿਆ
ਏਨਾ ਨਾ ਤੜਪਾ ਵੇ ਸੱਜਣਾਂ।
ਬਿਫਰੇ ਪਾਣੀ ਉੱਠਣ ਛੱਲਾਂ
ਬੇੜੀ ਪਾਰ ਲੰਘਾ ਵੇ ਸੱਜਣਾਂ।
ਰੂਹ ਚਾਨਣ ਖੁਸ਼ਬੂ ਹੋ ਜਾਵੇ
ਸਾਹਾਂ ਵਿਚ ਘੁੱਲ ਜਾ ਵੇ ਸੱਜਣਾਂ।
ਇਹ ਜਿੰਦੂ ਉਮਰਾਂ ਦੀ ਪਿਆਸੀ
ਭਰ ਕੇ ਜਾਮ ਪਿਲਾ ਵੇ ਸੱਜਣਾਂ।
ਮਿਲ ਕੇ ਫੇਰ ਕਦੀ ਨਾ ਵਿਛੜੇਂ
ਮੰਗਾਂ ਰੋਜ਼ ਦੁਆ ਵੇ ਸੱਜਣਾਂ।

♦

ਮਿੱਠੜੇ ਮਿੱਠੜੇ ਬੋਲ
ਵੇ ਤੇਰੇ, ਮਿੱਠੜੇ ਮਿੱਠੜੇ ਬੋਲ
ਭਰ ਦੇ ਮਨ ਦੀ ਝੋਲ ਵੇ ਸੱਜਣਾਂ
ਭਰ ਦੇ ਮਨ ਦੀ ਝੋਲ।
ਤੇਰੇ ਸਾਹਾਂ ਦੀ ਖ਼ੁਸ਼ਬੋਈ
ਤੱਤੀਆਂ ਲੂਆਂ ਝੱਖੜਾਂ ਤੋਂ ਵੀ
ਸਾਡੇ ਕੋਲੋਂ ਖੋਹ ਨਾ ਹੋਈ
ਤੇਰੀ ਪਿਆਰੀ ਕਥੂਰੀ ਸੱਜਣਾਂ
ਡਾਢੀ ਹੈ ਅਣਮੋਲ।
ਤਾਰਿਆਂ ਦੀ ਤੂੰ ਲੈ ਫੁਲਕਾਰੀ
ਆਇਓਂ ਮੇਰੇ ਦਿਲ ਦੇ ਵਿਹੜੇ
ਰਾਤ ਚਾਨਣੀ ਬੁੱਕਲ ਮਾਰੀ
ਮੈਨੂੰ ਲਗਿਆ ਚੰਨ ਪੁੰਨਿਆਂ ਦਾ
ਆ ਬੈਠਾ ਮੇਰੇ ਕੋਲ।
ਦਿਲ ਦੀ ਧੜਕਣ ਹੋਈ ਸਾਂਝੀ
ਛਿੜੀਆਂ ਰੋਮ ਰੋਮ ਝਰਨਾਟਾਂ
ਮਿਲਿਆ ਬੇੜੀ ਨੂੰ ਜਦ ਮਾਂਝੀ
ਤੇਰੇ ਹੋਠਾਂ ਪਿਆਰ ਦਾ ਅੰਮ੍ਰਿਤ
ਦਿਤਾ ਰੂਹ ਵਿਚ ਘੋਲ।
ਸੱਜਣਾਂ ਛੱਡ ਕੇ ਤੁਰ ਨਾ ਜਾਈਂ
ਵੇਖ ਇਕੱਲੀ ਜਿੰਦ ਨਿਮਾਂਣੀ
ਲੁੱਟ ਲੈ ਜਾਣ ਨਾ ਰੂਪ ਬਲਾਈਂ
ਮੁੜ ਬਿਰਹੋਂ ਤੇ ਮੇਹਣੇਂ ਤਾਹਨੇਂ
ਦੇਣ ਨਾ ਸਾਨੂੰ ਰੋਲ।

♦

ਸੱਜਣਾਂ ਦੂਰ ਵਸੇਂਦਿਆਂ,
ਕਰੀਂ ਕਬੂਲ ਸਲਾਮ।
ਯਾਦ ਤਿਰੀ ਵਿਚ ਢੱਲ ਗਈ
ਸੁਬ੍ਹਾ ਦੁਪਹਿਰ ਤੇ ਸ਼ਾਮ।
ਸੱਜਣਾਂ ਦੂਰ ਵਸੇਂਦਿਆਂ
ਤੁੱਧ ਬਿਨ ਦਿਨ ਵੀ ਰਾਤ
ਤੂੰ ਆਵੇਂ ਤਾਂ ਬਣੇ ਫਿਰ
ਮੱਸਿਆ ਵੀ ਪ੍ਰਭਾਤ।
ਸੱਜਣਾਂ ਦੂਰ ਵਸੇਂਦਿਆਂ
ਛਮ ਛਮ ਬਰਸਣ ਨੈਣ
ਇਕ ਪਲ ਇਕ ਛਿਣ ਬਿਨ ਤਿਰੇ
ਦਸ ਆਵੇ ਕਿੰਝ ਚੈਨ।
ਸੱਜਣਾਂ ਦੂਰ ਵਸੇਂਦਿਆ
ਤੁੱਧ ਬਿਨ ਮੰਦੜਾ ਹਾਲ
ਜਿੰਦ ਪਿਆਸੀ ਚਿਰਾਂ ਦੀ
ਅੰਮ੍ਰਿਤ ਵਸਲ ਪਿਆਲ।
ਸੱਜਣਾਂ ਦੂਰ ਵਸੇਂਦਿਆਂ
ਕਦੀ ਤੇ ਫੇਰਾ ਪਾ
ਵਿਚ ਉਡੀਕਾਂ ਬੈਠਿਆਂ
ਚਲੀ ਉਮਰ ਵਿਹਾ।

ਸੱਜਣਾਂ ਦੂਰ ਵਸੇਂਦਿਆਂ
ਫੁੱਲ ਰਹੇ ਮੁਸਕਾ
ਬਿਰਹੋਂ ਕੁਠੀ ਜਿੰਦ ਪਰ
ਲੈਂਦੀ ਔਖੇ ਸਾਹ।
ਸੱਜਣਾਂ ਦੂਰ ਵਸੇਂਦਿਆਂ
ਸਰਘੀ ਵੰਡੇ ਨੂਰ
ਤੇਰੇ ਬਾਝੋਂ ਜਿੰਦ ਪਰ
ਰਹੀ ਨਿਮਾਣੀ ਝੂਰ।
ਸੱਜਣਾਂ ਦੂਰ ਵਸੇਂਦਿਆ
ਆ ਸੁਣ ਦਿਲ ਦੀ ਬਾਤ
ਨੇੜੇ ਆਉਂਦੀ ਜਾਪਦੀ
ਹਰ ਪਲ ਜੀਵਨ ਰਾਤ।
ਸੱਜਣਾਂ ਦੂਰ ਵਸੇਂਦਿਆ
ਕੀ ਲਿਖਾਂ ਮੈਂ ਹੋਰ
ਆਵੇਂ ਬਣ ਜੇ ਮੇਘਲਾ
ਬਾਗੀਂ ਨੱਚਣ ਮੋਰ।
ਸੱਜਣਾਂ ਦੂਰ ਵਸੇਂਦਿਆ
ਕਰੀਂ ਕਬੂਲ ਸਲਾਮ
ਯਾਦ ਤਿਰੀ ਵਿਚ ਢੱਲ ਗਈ
ਸੁਬ੍ਹਾ ਦੁਪਹਿਰ ਤੇ ਸ਼ਾਮ।

♦

ਤੈਨੂੰ ਗ਼ਜ਼ਲ ਕਹਾਂ ਜਾਂ ਗੀਤ ਕਹਾਂ
ਕੀ ਤੈਨੂੰ ਮਨ ਦੀ ਮੀਤ ਕਹਾਂ।
ਤੇਰੇ ਅੱਖਰਾਂ ਦੇ ਵਿਚ ਚਾਨਣ ਹੈ
ਤੇ ਬੋਲਾਂ ਵਿਚ ਖੁਸ਼ਬੋਈ ਹੈ
ਤੇਰੀ ਨੈਣੀਂ ਝਿਲ ਮਿਲ ਤਾਰੇ ਨੇ
ਤੇ ਹਿਕੜੀ ਪ੍ਰੀਤ ਸਮੋਈ ਹੈ
ਤੈਨੂੰ ਕੋਸੀ ਕੋਸੀ ਧੁੱਪ ਆਖਾਂ
ਜਾਂ ਕੂਲ ਮੈਂ ਠੰਡੜੀ ਸੀਤ ਕਹਾਂ।
ਕਦੀ ਪੁੰਨਿਆਂ ਤੂੰ ਬਣ ਜਾਂਦੀ ਹੈਂ
ਕਦੀ ਸਰਘੀ ਬਣ ਰੁਸ਼ਨਾਂਦੀ ਹੈਂ
ਤੂੰ ਫੁੱਲ ਵੀ ਹੈਂ ਖੁਸ਼ਬੋ ਵੀ ਹੈਂ
ਮੇਰੇ ਜੀਵਨ ਦੀ ਲੋਅ ਵੀ ਹੈਂ
ਤੈਨੂੰ ਵੀਣਾ ਦੀ ਝੁਣਕਾਰ ਕਹਾਂ
ਜਾਂ ਰੂਹ ਦਾ ਮੈਂ ਸੰਗੀਤ ਕਹਾਂ।
ਸੰਧਿਆ ਦੀਆਂ ਟੱਲੀਆਂ ਵਜੀਆਂ ਨੇ
ਡੁਬਦੇ ਸੂਰਜ ਦੇ ਰੰਗਾਂ ਨੇ
ਸਭ ਗੋਰੀਆਂ ਲਹਿਰਾਂ ਰੰਗੀਆਂ ਨੇ
ਤੇਰੇ ਨੈਣਾਂ ਜਾਮ ਪਿਲਾਏ ਨੇ
ਤੇ ਮਸਤੀ ਹੋਸ਼ ਗਵਾਏ ਨੇ
ਕੀ ਤੈਨੂੰ ਦਸ ਮੈਂ ਪ੍ਰੀਤ ਕਹਾਂ
ਤੈਨੂੰ ਗ਼ਜ਼ਲ ਕਹਾਂ ਜਾਂ ਗੀਤ ਕਹਾਂ
ਕੀ ਤੈਨੂੰ ਮਨ ਦੀ ਮੀਤ ਕਹਾਂ।

♦

ਝੁਰਦੇ ਰਹਿਣਾ, ਖੁਰਦੇ ਰਹਿਣਾ,
ਹੰਝੂਆਂ ਦਾ ਪਾਣੀ ਪੀਣਾ
ਵੇ ਲੋਕਾ! ਸਾਡਾ ਵੀ ਕੀ ਜੀਣਾ।
ਸੱਜਣ ਅਸਾਡਾ ਪਾਰ ਵਸੇਂਦਾ
ਰਾਹ ਵਿਚ ਦਰਿਆ ਖ਼ੂਨੀ ਵਹਿੰਦਾ
ਕਸਕਾਂ ਵਾਂਗ ਸੰਗੀਨਾ
ਵੇ ਲੋਕਾ ! ਸਾਡਾ ਵੀ ਕੀ ਜੀਣਾ।
ਬਿਰਹੋਂ ਨੇ ਅੱਗ ਐਸੀ ਬਾਲੀ
ਸੜ ਚਲੀ ਜੋਬਨ ਦੀ ਡਾਲੀ
ਛਲਣੀ ਹੋਇਆ ਸੀਨਾ
ਵੇ ਲੋਕਾ! ਸਾਡਾ ਵੀ ਕੀ ਜੀਣਾ।
ਯਾਦਾਂ ਆਵਣ, ਉੱਠਣ ਛੱਲਾਂ
ਪਰ ਕਿੰਝ ਕਹੀਏ ਦਿਲ ਦੀਆਂ ਗੱਲਾਂ
ਹੋਠਾਂ ਨੂੰ ਪੈਂਦਾ ਏ ਸੀਣਾ
ਵੇ ਲੋਕਾ! ਸਾਡਾ ਵੀ ਕੀ ਜੀਣਾ।
ਤਕਦੇ ਤਕਦੇ ਚੰਨ ਦੇ ਵੰਨੇ
ਚੰਨ ਦੇ ਬਾਝੋਂ ਹੋ ਗਏ ਅੰਨੇ
ਪੈਂਦਾ ਏ ਰੋਜ਼ ਤਲੀਣਾ
ਵੀ ਲੋਕਾ! ਸਾਡਾ ਵੀ ਕੀ ਜੀਣਾ।

♦

ਰਾਤ ਹਨੇਰੀ ਯਾਦ ਤੇਰੀ ਦੀ,
ਪੀੜਾ ਵਧਦੀ ਜਾਏ ਹੂ।
ਰਾਤ ਹਨੇਰੀ ਗਲ ਦਰਦਾਂ ਦੀ
ਕਿਸ ਨੂੰ ਕੋਈ ਸੁਣਾਏ ਹੂ।
ਰਾਤ ਹਨੇਰੀ ਗ਼ਮ ਸਾਡੇ ਨੂੰ
ਤੁੱਧ ਬਿਨ ਕੌਣ ਮਿਟਾਏ ਹੂ।
ਰਾਤ ਹਨੇਰੀ ਬਿਰਹੋਂ ਨਾਗਨ
ਸੌ ਸੌ ਡੰਗ ਚਲਾਏ ਹੂ।
ਰਾਤ ਹਨੇਰੀ ਪੌਣ ਪੁਰੇ ਦੀ
ਤੁੰਬ ਤੁੰਬ ਕੇ ਲੰਘ ਜਾਏ ਹੂ।
ਰਾਤ ਹਨੇਰੀ ਪੱਤਿਆਂ ਦੀ ਖੜ ਖੜ
ਬਿੰਦ ਬਿੰਦ ਦੰਦਲਾਂ ਪਾਏ ਹੂ।
ਰਾਤ ਹਨੇਰੀ ਸਾਡੀਆਂ ਆਹਾਂ
ਅੰਬਰ ਛਾਲੇ ਪਾਏ ਹੂ।
ਰਾਤ ਹਨੇਰੀ ਤੇਰੇ ਬਾਝੋਂ
ਚੈਨ ਕਿੰਵੇਂ ਦਸ ਆਏ ਹੂ।
ਰਾਤ ਹਨੇਰੀ ਆ ਮਿਲ ਸੱਜਣਾਂ
ਹੋਰ ਨਾ ਧੁੱਖਿਆ ਜਾਏ ਹੂ।
ਰਾਤ ਹਨੇਰੀ ਪਲਕਾਂ ਉੱਤੇ
ਹੰਝੂਆਂ ਦੀਪ ਜਗਾਏ ਹੂ।
ਰਾਤ ਹਨੇਰੇ ਪੁੰਨਿਆ ਥੀਵੇ
ਜੇ ਚੰਨ ਮੈਂਡਾ ਆਏ ਹੂ।

♦

ਦਿਲ ਦੀਏ ਮਹਿਰਮੇਂ ਨੀਂ
ਅੱਜ ਮੇਰੇ ਨੈਣਾਂ ਵਿਚੋਂ
ਹੰਝੂਆਂ ਦੀ ਵਰ੍ਹਦੀ ਫੁਹਾਰ।
ਦਿਲ ਦੀਏ ਮਹਿਰਮੇਂ ਨੀਂ
ਇਹਨਾਂ ਮੇਰੇ ਹੰਝੂਆਂ ਦੀ
ਤੇਰੇ ਬਾਝੋਂ ਕਿਸ ਨੂੰ ਕੀ ਸਾਰ।
ਦਿਲ ਦੀਏ ਮਹਿਰਮੇਂ ਨੀਂ
ਠੰਡੀ ਠੰਡੀ ਪੌਣ ਅੱਜ
ਲੰਘਦੀ ਏ ਡੰਗ ਸਾਨੂੰ ਮਾਰ।
ਦਿਲ ਦੀਏ ਮਹਿਰਮੇਂ ਨੀਂ
ਡਾਢੀ ਹੀ ਸਤਾਵੇ ਸਾਨੂੰ
ਕੌਲਿਆਂ ਨੂੰ ਸਾਉਣ ਦੀ ਫੁਹਾਰ।
ਦਿਲ ਦੀਏ ਮਹਿਰਮੇਂ ਨੀਂ
ਆਵੇ ਅਤੇ ਤੁਰ ਜਾਵੇ
ਯਾਦ ਤੇਰੀ ਕਰ ਕੇ ਖਵਾਰ।
ਦਿਲ ਦੀਏ ਮਹਿਰਮੇਂ ਨੀਂ
ਤੂੰ ਹੀ ਦਸ ਕਿੰਝ ਆਵੇ
ਤੇਰੇ ਬਾਝੋਂ ਦਿਲੇ ਨੂੰ ਕਰਾਰ।

ਦਿਲ ਦੀਏ ਮਹਿਰਮੇਂ ਨੀਂ
ਤੇਰੇ ਬਿਨ ਜੀਣ ਸਾਡਾ
ਸੂਲੀ ਉੱਤੇ ਹੋਵਣਾ ਸਵਾਰ।
ਦਿਲ ਦੀਏ ਮਹਿਰਮੇਂ ਨੀਂ
ਰੜਕੇ ਕਲੇਜੇ ਵਿਚ
ਬਿਰਹੋਂ ਦੀ ਤਿਖੜੀ ਕਟਾਰ।
ਦਿਲ ਦੀਏ ਮਹਿਰਮੇਂ ਨੀਂ
ਨਿੱਕੀ ਨਿੱਕੀ ਜਿੰਦ ਸਾਡੀ
ਦੁੱਖੜੇ ਤਾਂ ਏਸ ਨੂੰ ਹਜ਼ਾਰ
ਦਿਲ ਦੀਏ ਮਹਿਰਮੇਂ ਨੀਂ
ਦਸ ਮੈਂ ਉਠਾਵਾਂ ਕਿੰਝ
ਹਾਵਿਆਂ ਤੇ ਹੌਕਿਆਂ ਦਾ ਭਾਰ।
ਦਿਲ ਦੀਏ ਮਹਿਰਮੇਂ ਨੀਂ
ਨਿੱਕੇ ਨਿੱਕੇ ਅੱਖਰਾਂ 'ਚ
ਭੇਜਦਾ ਹਾਂ ਦਿਲੇ ਦਾ ਪਿਆਰ
ਦਿਲ ਦੀਏ ਮਹਿਰਮੇਂ ਨੀ
ਸਿੱਕ ਤੇਰੇ ਦੀਦ ਵਾਲੀ
ਆ ਜਾ ਆ ਕੇ, ਦੇ ਜੀ ਨੀਂ ਦੀਦਾਰ।

♦

ਹੌਲੇ ਹੌਲੇ ਹੱਸ ਸਜਣਾਂ
ਅਸੀਂ ਕਲੀਆਂ ਦੇ ਲਾਈਏ ਬੋਹਲ।
ਮਿੱਠਾ ਮਿੱਠਾ ਤਕ ਸੱਜਣਾਂ
ਮਤਾਂ ਜਾਏ ਵੇ ਕਲੇਜੜਾ ਡੋਲ।
ਪੋਲੇ ਪੋਲੇ ਛੁਹ ਸੱਜਣਾਂ
ਸਾਡਾ ਅੰਗ ਅੰਗ ਰਿਸ਼ਮੋਂ ਸੋਹਲ।
ਬਿਰਹੋਂ ਦਾ ਹਾਲ ਪੁਛਦੈਂ
ਕਿੰਝ ਦਸੀਏ ਦੁੱਖੜੇ ਫੋਲ।
ਪਿਆਰੀ ਪਿਆਰੀ ਗਲ ਕਰ ਵੇ
ਅਸੀਂ ਜਿੰਦੜੀ 'ਚ ਲਈਏ ਘੋਲ।
ਰੂਹ ਸਾਡੀ ਨਾਚ ਛੁਹ ਲਵੇ
ਕੁਝ ਬੋਲ ਵੇ ਸੁਰੀਲੜੇ ਬੋਲ।
ਅੱਖੀਆਂ 'ਚੋਂ ਪੀ ਲੈਣ ਦੇ
ਤੇਰਾ ਕੁਝ ਨਹੀਓਂ ਲਗਦਾ ਢੋਲ।
ਮਸਤੀ 'ਚ ਡਿੱਗ ਨਾ ਪਵਾਂ
ਵੇ ਤੂੰ ਕਰਦੈਂ ਕਿਹੇ ਕਲੋਲ।
ਵੇਖੀਂ ਕਿਤੇ ਛੱਲ ਨਾ ਕਰੀਂ
ਸਾਡੀ ਜਿੰਦ ਡਾਢੀ ਅਣਭੋਲ।

♦

ਮੇਰੇ ਸਾਹਾਂ ਵਿਚ ਘੁਲੇ ਤੇਰੇ ਸਾਹ
ਕਿ ਪੌਣਾਂ ਵਿਚ ਮਹਿਕ ਘੁੱਲ ਗਈ।
ਜਿੰਦ ਪੋਟਾ ਪੋਟਾ ਗਈ ਨਸ਼ਿਆ
ਕਿ ਮਸਤੀ ਦੀ 'ਵਾ ਝੁੱਲ ਗਈ।
ਤੇਰੇ ਮੁੱਖੜੇ ਦੀ ਵੇਖ ਸੂਹੀ ਭਾਅ
ਕਿ ਜਿੰਦ ਸਾਰੇ ਗ਼ਮ ਭੁੱਲ ਗਈ।
ਲੋਕੀਂ ਵੇਖਦੇ ਨੇ ਅੱਡੀਆਂ ਉਠਾ
ਕਿ ਵਸਲਾਂ ਦੀ ਗਲ ਹੁੱਲ ਗਈ।
ਚੁੰਨੀਂ ਧਰਤੀ ਨੇ ਲਈ ਏ ਰੰਗਾਅ
ਕਿ ਊਸ਼ਾ ਦੀ ਪਟਾਰੀ ਡੁੱਲ੍ਹ ਗਈ।
ਲਿਆ ਜ਼ੁਲਫਾਂ ਨੂੰ ਕਿਹਾ ਤੂੰ ਖਿੰਡਾ
ਕਿ ਰਿਸ਼ਮਾਂ ਦੀ ਮੀਢੀ ਖੁਲ੍ਹ ਗਈ।
ਮੇਰੇ ਸਾਹਾਂ ਵਿਚ ਘੁਲੇ ਤੇਰੇ ਸਾਹ
ਕਿ ਪੌਣਾਂ ਵਿਚ ਮਹਿਕ ਘੁੱਲ ਗਈ।

♦

ਗਿਆ ਦਿਨ ਢਲੀ ਸ਼ਾਮ
ਮੁੜ ਰਾਤ ਪੈ ਗਈ।।
ਭਰਨ ਆਇਉਂ ਨਾ ਹੁੰਗਾਰਾ
ਸਾਡੀ ਬਾਤ ਪੈ ਗਈ।
ਸੀਨੇ ਬਿਰਹੋਂ ਦੀ ਪੀੜ
ਵਗੇ ਅਖੀਆਂ 'ਚੋਂ ਨੀਰ
ਸਾਡੀ ਝੋਲੀ ਕੇਹੀ ਗ਼ਮਾਂ ਦੀ
ਸੌਗਾਤ ਪੈ ਗਈ।
ਲੰਘ ਥਲ ਲੰਮੇ ਚੌੜੇ
ਅਸੀਂ ਉੱਠ ਉੱਠ ਦੌੜੇ
ਤੇਰੇ ਨੂਰ ਦੀ ਵੇ ਜਿਧਰੋਂ
ਵੀ ਝਾਤ ਪੈ ਗਈ।
ਤੇਰੇ ਰਾਹਾਂ ਨੂੰ ਸਜਾਇਆ
ਪਲੰਘ ਰੀਝ ਦਾ ਉਣਾਇਆ
ਲਿਸ਼ਕ ਰੂਪ ਦੀ ਉਡੀਕਾਂ ਵਿਚ
ਮਾਤ ਪੈ ਗਈ।
ਕਿਹੜੇ ਪੀਰ ਨੂੰ ਮਨਾਵਾਂ
ਕਿੰਝ ਘੜੀ ਉਹ ਲਿਆਵਾਂ
ਜਿਸ ਘੜੀ ਸਾਨੂੰ ਪਿਆਰ ਦੀ
ਸੀ ਦਾਤ ਪੈ ਗਈ।
ਗਿਆ ਦਿਨ ਢਲੀ ਸ਼ਾਮ
ਮੁੜ ਰਾਤ ਪੈ ਗਈ।
ਭਰਨ ਆਇਉਂ ਨਾ ਹੁੰਗਾਰਾ
ਸਾਡੀ ਬਾਤ ਪੈ ਗਈ।

♦

ਕੋਈ ਸੁੱਖ ਸੁਨੇਹਾਂ ਘੱਲ ਸੱਜਣਾਂ।
ਬਿਰਹੋਂ ਨੇ ਪਾਏ ਸੱਲ ਸੱਜਣਾਂ।
ਦਿਨ ਰਾਤ ਅਸਾਡੀਆਂ ਰੀਝਾਂ ਤੇ
ਰਹੀ ਗ਼ਮ ਦੀ ਆਰੀ ਚੱਲ ਸੱਜਣਾਂ
ਚੀਸਾਂ ਨੇ ਹੱਡੀਆਂ ਕੜਕਾਈਆਂ
ਗਏ ਰੂਹ ਨੂੰ ਪੈ ਕੜਵੱਲ ਸੱਜਣਾਂ।
ਨੈਣਾਂ ਦੇ ਸਾਗਰ ਉੱਛਲ ਰਹੇ
ਕਾਂਗਾਂ ਨਾ ਹੋਵਣ ਠੱਲ੍ਹ ਸੱਜਣਾਂ।
ਜਿੰਦ ਬੇੜੀ ਰੁੜਦੀ ਜਾਂਦੀ ਏ
ਚੜ੍ਹ ਆਇਆ ਬੇਥਾਹ ਜਲ ਸੱਜਣਾਂ।
ਤੂੰ ਹੀ ਇਕ ਦੂਰ ਕਿਨਾਰਾ ਹੈਂ
ਪਈ ਤਕਦੀ ਹਾਂ ਜਿਸ ਵੱਲ ਸੱਜਣਾਂ।
ਆਵੇਂ ਜੇ ਆ ਕੇ ਮਿਲ ਜਾਵੇਂ
ਬਹਿ ਜਾਵੇਂ ਭਾਵੇਂ ਪੱਲ ਸੱਜਣਾਂ
ਤੂੰ ਆਪੇ ਤੱਕ ਕੇ ਜਾਣ ਲਵੇਂ
ਦਿਲ ਮੇਰੀ ਸੰਦੜੀ ਗੱਲ ਸੱਜਣਾਂ।

♦

ਇਹ ਕੌਣ ਹੈ ਜਿਹੜਾ ਮਹਿਕਾਂ ਨੂੰ
ਸਾਡੇ ਘਰ ਲੈ ਕੇ ਆਇਆ ਹੈ।
ਇਹ ਕੌਣ ਹੈ ਜਿਸ ਦੇ ਮੁੱਖੜੇ ਤੋਂ
ਚੰਦ ਸੂਰਜ ਵੀ ਸ਼ਰਮਾਇਆ ਹੈ।
ਇਹ ਕੌਣ ਹੈ ਜਿਸ ਦੀ ਤਕਣੀ ਨੇਂ
ਝਰਨਾਟ ਜਿਹੀ ਇਕ ਛੇੜੀ ਹੈ
ਇਹ ਕੌਣ ਹੈ ਜਿਸ ਦੇ ਬੋਲਾਂ ਨੇ
ਦਿਲ ਨੂੰ ਫਿਰ ਧੜਕਣ ਲਾਇਆ ਹੈ।
ਇਹ ਕੌਣ ਹੈ ਜਿਸ ਦੀ ਇਕ ਛੂਹ ਨੇ
ਕਾਇਆ ਹੀ ਸਾਡੀ ਪਲਟੀ ਹੈ
ਇਹ ਕੌਣ ਹੈ ਜਿਸਦੇ ਨੈਣਾਂ ਨੇ
ਮਸਤੀ ਦਾ ਜਾਮ ਪਿਲਾਇਆ ਹੈ।
ਇਹ ਕੌਣ ਹੈ ਜਿਸ ਦੇ ਆਵਣ ਤੇ
ਗ਼ਮ ਸਾਡੇ ਸਾਰੇ ਦੂਰ ਹੋਏ
ਇਹ ਕੌਣ ਹੈ ਜਿਸ ਦੇ ਹਾਸੇ ਨੇ
ਖੁਸ਼ੀਆਂ ਦਾ ਮੀਂਹ ਬਰਸਾਇਆ ਹੈ।
ਇਹ ਕੌਣ ਹੈ ਜਿਸ ਦੀ ਭਟਕਣ ਵਿਚ
ਜਿੰਦ ਥੱਕੀ ਟੁੱਟੀ ਹਾਰੀ ਸੀ
ਇਹ ਕੌਣ ਹੈ ਦੋ ਪਲ ਆ ਜਿਸ ਨੇ
ਫਿਰ ਦਿਲ ਦਾ ਕੰਵਲ ਖਿੜਾਇਆ।

♦

ਕੁਝ ਪਲ ਦਾ ਸਾਥੀ ਬਣਿਉਂ ਤੂੰ
ਉਮਰਾਂ ਦਾ ਸਾਥੀ ਬਣਿਉਂ ਨਾ
ਇਹ ਸਿੱਕ ਰਹੀ ਬਣ ਉਮਰਾਂ ਦਾ
ਤੂੰ ਸਾਥੀ ਸਾਥ ਨਿਭਾ ਜਾਂਦਾ।
ਜਦ ਲਗਣਾ ਚਾਹਿਆ ਕੰਢੇ ਤੇ
ਲਹਿਰਾਂ ਨੇ ਮੈਨੂੰ ਘੇਰ ਲਿਆ
ਤੂੰ ਰਤਾ ਇਸ਼ਾਰਾ ਕਰ ਦੇਂਦੋਂ
ਕੰਢੇ ਤੇ ਮੈਂ ਵੀ ਆ ਜਾਂਦਾ।
ਕੋਈ ਜਾਮ ਵਸਲ ਦਾ ਭਰਿਆ ਨਾ
ਹਰ ਵਾਰੀ ਊਣਾ ਜਾਮ ਰਿਹਾ
ਸਾਡੀ ਤਰਲੇ ਲੈਂਦੀ ਜਿੰਦ ਰਹੀ
ਤੂੰ ਭਰ ਕੇ ਜਾਮ ਪਿਲਾ ਜਾਂਦਾ
ਪੀੜਾਂ ਨੂੰ ਬਹੁਤ ਸੁਲਾਇਆ ਮੈਂ
ਪਰ ਯਾਦਾਂ ਮੈਥੋਂ ਸੁਤੀਆਂ ਨਾ
ਤੇਰੇ ਬਿਨ ਤੇਰੀਆਂ ਯਾਦਾਂ ਨੂੰ
ਕਿੰਝ ਕੋਈ ਹੋਰ ਸੁਲਾ ਜਾਂਦਾ।
ਇਤਬਾਰ ਜੇ ਹੁੰਦਾ ਆਵੇਂਗਾ
ਮੈਂ ਇਸ ਰੁੱਤੇ ਕਿਉਂ ਜਾਣਾ ਸੀ
ਦੋ ਘੜੀਆਂ ਪਹਿਲੋਂ ਆ ਜਾਂਦੋਂ
ਮੈਂ ਮੌਤੋਂ ਲੜ ਖਿਸਕਾ ਜਾਂਦਾ।

♦

ਵੇਖ ਅਸਾਡੀ ਮੰਦੀ ਹਾਲਤ
ਬੁੱਕ ਬੁੱਕ ਸ਼ਬਨਮ ਰੋਈ
ਐਪਰ ਸੱਜਣਾਂ ਤੇਰਿਆਂ ਨੈਣਾਂ
ਇਕ ਨਾ ਅੱਥਰ ਚੋਈ।
ਹੋਰਾਂ ਆਖੇ ਲਗ ਕੇ ਸਾਥੋਂ
ਤੋੜ ਲਿਆ ਤੂੰ ਨਾਤਾ
ਪਰ ਸਾਡੇ ਤੋਂ ਕਿੰਝ ਖੋਹੇਂਗਾ
ਯਾਦਾਂ ਦੀ ਖ਼ੁਸ਼ਬੋਈ।.. ..
ਪੋਟਾ ਪੋਟਾ ਜਿੰਦ ਸਾਡੀ ਦਾ
ਹੋਇਆ ਛਾਲੇ ਛਾਲੇ
ਸਾਡੇ ਤਾਂ ਲੂੰ ਲੂੰ ਵਿਚ ਸੱਜਣਾਂ
ਬਿਰਹੋਂ ਪੀੜ ਪਰੋਈ। .. .
ਆਪਣੀ ਹਾਲਤ ਹੋਰ ਕੀ ਦਸਾਂ
ਤਕ ਲੈ ਆਪੇ ਆ ਕੇ
ਤੇਰੇ ਬਾਝੋਂ ਜਿੰਦ ਵਿਜੋਗਣ
ਨਾ ਜੀਂਦੀ ਨਾ ਮੋਈ। .. .
ਤੇਰੇ ਬਾਝੋਂ ਹੋਰ ਕਿਸੇ ਦੇ
ਦਰ ਤੇ ਸੀਸ ਨਾ ਝੁੱਕਣਾ
ਤੇਰੇ ਬਾਝੋਂ ਸਾਨੂੰ ਮਿਲਣੀ
ਹੋਰ ਕਿਤੇ ਨਾ ਢੋਈ। .. .
ਇਕ ਤੇਰੇ ਬਿਨ, ਭਰੇ ਸ਼ਹਿਰ ਵਿਚ
ਭਟਕ ਰਿਹਾ ਹਾਂ ਏਦਾਂ
ਜਿਉਂ ਕੋਈ ਭੁਲਿਆ ਰਾਹੀ ਭਟਕੇ
ਜੰਗਲ ਬੇਲੇ ਰੋਹੀ।

♦

ਝੱਲਿਆ ਨਾ ਜਾਂਦਾ ਸੀ
ਵਿਛੋੜਾ ਇਕ ਪਲ ਤੇਰਾ
ਦੇ ਗਈਉਂ ਸਦਾ ਲਈ ਜੁਦਾਈ
ਤੇਰੇ ਬਾਝੋਂ ਸਾਹਾਂ ਦੀ ਇਹ
ਪੰਡ ਡਾਢੀ ਹੋਈ ਭਾਰੀ
ਜਾਵੇ ਹੁਣ ਹੋਰ ਨਾ ਉਠਾਈ। ... 
ਕਲ ਤਾਈਂ ਹੱਕ ਸੀ
ਜਤਾਂਦੀ ਜਿੰਦ ਤੇਰੇ ਉੱਤੇ
ਹੋ ਗਈਉਂ ਅੱਜ ਤੂੰ ਪਰਾਈ
ਤੇਰੇ ਉੱਤੇ ਗਿਲਾ ਕਾਹਦਾ
ਕਿਹੜੀ ਤੂੰ ਅਨੋਖੀ ਕੀਤੀ
ਜੱਗ ਵਿਚ ਏਵੇਂ ਹੁੰਦੀ ਆਈ। ... 
ਅੰਬਰਾਂ ਤੇ ਮੇਰੇ ਹੁਣੇ
ਰਾਤ ਹੈਸੀ ਪੁੰਨਿਆਂ ਦੀ
ਬਦਲਾਂ ਨੇ ਮੱਸਿਆ ਬਣਾਈ
ਪੀ ਕੇ ਰੱਤ ਸਾਹਿਬਾਂ ਸੋਹਣੀ

ਸੱਸੀਆਂ ਦੀ ਰੌਂਜਿਆ ਨਾ
ਚੰਦਰਾ ਇਹ ਜੱਗ ਤਾਂ ਕਸਾਈ। ..
ਹੱਸਿਆ ਜ਼ਮਾਨਾ ਸਾਡੇ
ਜ਼ਖਮਾਂ ਨੂੰ ਵੇਖ ਵੇਖ
ਮਰ੍ਹਮ ਕਿਸੇ ਇਕ ਵੀ ਨਾ ਲਾਈ
ਝੁੱਲਿਆ ਤੂਫ਼ਾਨ ਐਸਾ
ਤੋੜ ਗਿਆ ਟਹਿਣੀਆਂ ਨੂੰ
ਆਸਾਂ ਉਤੇ ਬਿਜਲੀ ਗਿਰਾਈ। ..
ਰੀਝਾਂ ਵਾਲੇ ਦੀਵੇ ਸਾਡੇ
ਤੁਰ ਗਈ ਬੁਝਾ ਕੇ ਸੱਭੇ
ਐਸੀ ਨੇਰੀ, ਹੋਣੀਆਂ ਵਗਾਈ
ਲੁੱਟਿਆ ਪਿਆਰ ਸਾਡਾ
ਕੀਤਾ ਬੁਰਾ ਹਾਲ ਸਾਡਾ
ਸੁਣੀਂ ਸਾਡੀ ਕਿਸੇ ਨਾ ਦੁਹਾਈ।

♦

ਸੱਜਣਾਂ ਵੇ !
ਤੂੰ ਡਾਢਾ ਕਹਿਰ ਕਮਾਇਆ
ਜੇ ਏਦਾਂ ਸੀ ਛੱਡ ਕੇ ਜਾਣਾ
ਨਿਹੁੰ ਸੀ ਕਿਸ ਲਈ ਲਾਇਆ?
ਵਸਲ ਦੀਆਂ ਦੋ ਬੂੰਦਾਂ ਨਾਲੋਂ
ਚੰਗਾ ਸੀ, ਮੈਂ ਮਰ ਜਾਦਾ ਤਿਰਹਾਇਆ।
ਰੀਝਾਂ ਦੇ ਜੋ ਮਹਿਲ ਬਣਾਏ
ਹੋ ਗਏ ਸਾਰੇ ਢੇਰੀ
ਰੋਹੀ ਦੇ ਵਿਚ ਭਟਕ ਰਹੀ ਜਿੰਦ
ਬਿਰਹੋਂ ਰਾਤ ਹਨੇਰੀ
ਹਰ ਪਲ ਸਾਡਾ ਮੁਕਦਾ ਜਾਵੇ
ਸਾਹਾਂ ਦਾ ਸਰਮਾਇਆ, ਸੱਜਣਾ ਵੇ..
ਤੂੰ ਕੀ ਜਾਣੇਂ ਇਸ ਦਿਲ ਉੱਤੇ
ਸੱਜਣਾਂ ਵੇ ਕੀ ਬੀਤੇ
ਹਾਵੇ ਤੇ ਹਟਕੋਰੇ ਭਰੀਏ
ਬੁਲ੍ਹ ਸ਼ਰਮਾਂ ਨੇ ਸੀਤੇ
ਤਰਸ ਕਿਸੇ ਨੇ ਹੋਰ ਕੀ ਕਰਨਾ
ਤੈਨੂੰ ਤਰਸ ਨਾ ਆਇਆ, ਸੱਜਣਾਂ ਵੇ ..
'ਵਾ ਜਦ ਬੂਹੇ ਨੂੰ ਖੜਕਾਵੇ
ਤੇਰੇ ਪੈਣ ਭੁਲੇਖੇ
ਸਾਰੀ ਉਮਰਾਂ ਲਾ ਚੱਲੇ ਹਾਂ
ਪਿਆਰ ਤੇਰੇ ਦੇ ਲੇਖੇ
ਹਾਲੇ ਵੀ ਪਰ ਇਉਂ ਲਗਦਾ ਹੈ
ਗਿਆ ਨਾ ਕਰਜ਼ ਚੁਕਾਇਆ, ਸੱਜਣਾਂ ਵੇ..

♦

ਤੂੰ ਕਿਉਂ ਰਹੇਂ ਉਦਾਸ
ਨੀਂ ਜਿੰਦੇ ਮੇਰੀਏ,
ਤੈਨੂੰ ਦੇਣੀ ਕਿਸ ਧਰਵਾਸ
ਨੀਂ ਜਿੰਦੇ ਮੇਰੀਏ।
ਨਾ ਉਹ ਬਣਿਆਂ ਮੀਤ ਪਿਆਰਾ
ਨਾ ਉਸ ਭਰਿਆ ਕੋਈ ਹੁੰਗਾਰਾ
ਤੂੰ ਲਾਈ ਸੀ ਜਿਸ 'ਤੇ ਆਸ
ਨੀਂ ਜਿੰਦੇ ਮੇਰੀਏ। ..
ਤੁਰ ਚਲਿਆ ਉਹ ਦੇਸ ਬੇਗਾਨੇ
ਤੈਨੂੰ ਬੰਨ ਬਿਰਹੋਂ ਦੇ ਗਾਨੇ
ਤੈਨੂੰ ਪ੍ਰੀਤ ਨਾ ਆਈ ਰਾਸ
ਨੀਂ ਜਿੰਦੇ ਮੇਰੀਏ। ..
ਕਰਦੀ ਰਹੁ ਹੁਣ ਰੋਜ਼ ਉਡੀਕਾਂ
ਔਂਸੀਆਂ ਪਾ ਪਾ ਖਿੱਚ ਖਿੱਚ ਲੀਕਾਂ
ਤੇਰੇ ਕਿਸੇ ਨਾ ਆਉਣਾ ਪਾਸ
ਨੀਂ ਜਿੰਦੇ ਮੇਰੀਏ। ..
ਝੂਠੇ ਨਿਕਲੇ ਤੇਰੇ ਦਾਅਵੇ
ਭਰਦੀ ਰਹੁ ਹੁਣ ਹੌਕੇ ਹਾਵੇ
ਤੇਰੀ ਖੇੜਿਆਂ ਲੁੱਟ ਲਈ ਰਾਸ
ਨੀਂ ਜਿੰਦੇ ਮੇਰੀਏ। ..
ਹੋ ਚਲੀ ਹੁਣ ਉਮਰ ਦੀ ਆਥਣ
ਦਿਲ ਦੀ ਪੀੜਾ ਇਕੋ ਸਾਥਣ
ਤੇਰੇ ਮੁਕਦੇ ਜਾਂਦੇ ਸੁਆਸ
ਨੀਂ ਜਿੰਦੇ ਮੇਰੀਏ। ..

♦

ਪੀੜਾਂ ਦੇ ਪਿੰਜਰੇ ਵਿਚ ਜਦ ਵੀ
ਜਿੰਦ ਵਿਜੋਗਣ ਰੋਈ,
ਅੰਬਰਾਂ ਨੂੰ ਵੀ ਦੰਦਲ ਪੈ ਗਈ
ਧਰਤ ਹੋਈ ਅਧਮੋਈ।
ਸਿਸਕੀਆਂ ਦਾ ਗਲ ਘੁੱਟਣ ਖਾਤਿਰ
ਬੁੱਲ੍ਹ ਅਸਾਂ ਜਦ ਟੁੱਕੇ,
ਮਾਰੂਥਲ ਵੀ ਸਾਗਰ ਬਣ ਗਏ
ਪਰ ਨਾ ਹੰਝੂ ਮੁੱਕੇ।
ਇਸ ਬੇ-ਰਹਿਮ ਜ਼ਮਾਨੇ ਨੂੰ ਪਰ
ਤਰਸ ਰਤਾ ਨਾ ਆਇਆ,
ਖੁਸ਼ੀਆਂ ਜਿਸ ਦੀ ਝੋਲੀ ਪਾ ਕੇ
ਸਾਰਾ ਦਰਦ ਹੰਢਾਇਆ।
ਐਵੇਂ ਗਿਲਾ ਕਰੇਂ ਕਿਉਂ ਜਿੰਦੇ
ਤੇਰਾ ਦਰਦੀ ਕਿਹੜਾ?
ਤੇਰੇ ਬਾਝੋਂ ਕਿਸੇ ਦਾ ਨਹੀਉਂ
ਸੁੰਨਾ ਹੋਣਾ ਵਿਹੜਾ।
ਜ਼ਹਿਰ ਗ਼ਮਾਂ ਦਾ ਪੀ ਲੈ ਜਿੰਦੇ
ਦੇ ਨਾ ਹੋਰ ਉਲਾਂਭੇ,
ਮਿੱਟੀ ਉਸ ਨੂੰ ਸਾਂਭ ਹੈ ਲੈਂਦੀ
ਜਿਸ ਨੂੰ ਕੋਈ ਨਾ ਸਾਂਭੇ।

♦

ਸਾਡੀ ਪੁਗਦੀ ਨਾਹੀਂ ਆਸ
ਸੱਜਣ ਵੇ ਕੀ ਕਰੀਏ।
ਜਿੰਦ ਤੜਪ ਰਹੀ ਹਰ ਸਵਾਸ,
ਸੱਜਣ ਵੇ ਕੀ ਕਰੀਏ।
ਹਰ ਦਮ ਤੇਰੀਆਂ ਰਹਿਣ ਉਡੀਕਾਂ
ਪੋਟੇ ਘਸ ਗਏ ਖਿੱਚ ਖਿੱਚ ਲੀਕਾਂ
ਪਰ ਨਾ ਆਇਉਂ ਪਾਸ,
ਸੱਜਣ ਵੇ ਕੀ ਕਰੀਏ।
ਲਾ ਕੇ ਸਾਨੂੰ ਮਿੱਠੇ ਲਾਰੇ
ਝੋਲੀ ਪਾ ਗਿਉਂ ਹੰਝੂ ਖਾਰੇ
ਕਿੰਝ ਆਵੇ ਧਰਵਾਸ,
ਸੱਜਣ ਵੇ ਕੀ ਕਰੀਏ।
ਤੇਰੇ ਬਾਝੋਂ ਕਾਹਦਾ ਜੀਣਾ
ਅੰਗ ਅੰਗ ਹੋਇਆ ਚੀਣਾ ਚੀਣਾ
ਸਾਨੂੰ ਆਈ ਨਾ ਦੁਨੀਆਂ ਰਾਸ,
ਸੱਜਣ ਵੇ ਕੀ ਕਰੀਏ।
ਯਾਦ ਤੇਰੀ ਨੇ ਲਾਈਆਂ ਝੜੀਆਂ
ਆ ਮਿਲ ਸੱਜਣਾਂ, ਨਾ ਕਰ ਅੜੀਆਂ
ਦਿਲ ਹਰ ਦਮ ਰਹੇ ਉਦਾਸ,
ਸੱਜਣ ਵੇ ਕੀ ਕਰੀਏ।

♦

ਰਿਮਝਿਮ, ਰਿਮ ਝਿਮ ਕਣੀਆਂ ਲਾਈ
ਬਾਰੀ ਦੇ ਵਿਚ ਖੜੀ ਉਡੀਕੇ
ਸਾਡੀ ਜਿੰਦ ਨਿਮਾਣੀ ਸੱਜਣਾ
ਭਾਵੇਂ ਮੇਲ ਤੇਰੇ ਦਾ ਵੇਲਾ
ਕਦੋਂ ਦਾ ਬੀਤ ਗਿਆ।
ਕਣੀਆਂ-ਭਿੱਜੀ ਵਾ ਦੇ ਬੁੱਲ੍ਹੇ
ਆਵਣ ਆ ਕੇ ਕਰਨ ਕਲੋਲਾਂ
ਸਾਡੀ ਪੀੜਾਂ ਇਹ ਕੀ ਜਾਨਣ
ਦਿਲ ਦਾ ਦਰਦ ਪਛਾਨਣ ਵਾਲਾ
ਕਰੇ ਨਾ, ਜਦੋਂ ਦਵਾ।
ਸੈ ਸੁੰਨੀਆਂ ਰਾਤਾਂ ਦੇ ਵਾਂਗੂੰ
ਅੱਜ ਦੀ ਰਾਤ ਵੀ ਲੰਘਦੀ ਜਾਵੇ
ਮਿੱਟੀ ਦੇ ਵਿਚ ਰੁਲਦੇ ਜਾਂਦੇ
ਘੁੱਲ ਘੁੱਲ ਕੇ ਹੰਝੂਆਂ ਦੇ ਅੰਦਰ
ਸਾਡੇ ਸਾਰੇ ਚਾਅ।
ਬੱਦਲ ਗਰਜੇ ਬਿਜਲੀ ਕੜਕੇ
ਦਿਲ ਸਾਡਾ ਇਹ ਹੋਰ ਵੀ ਧੜਕੇ
ਖਵਰੇ ਸੱਜਣਾਂ ਆ ਹੀ ਜਾਵੇਂ
ਅਜੇ ਵੀ ਆਸ ਦੀ ਨਿੰਮੀ ਲੋਅ ਚੋਂ
ਨੈਣ ਢੂੰਡਦੇ ਰਾਹ।

♦

ਦਾਗ਼ ਹਿਜ਼ਰ ਦੇ ਨੀਲੇ ਕਾਲੇ
ਰੂਪ ਤੇਰੇ ਦੀਆਂ ਨਿੱਘੀਆਂ ਨਿੱਘੀਆਂ
ਕੂਲੀਆਂ ਕੂਲੀਆਂ ਨੂਰੀ ਕਿਰਨਾਂ
ਚੁੰਮ ਚੁੰਮ ਕੇ ਅੱਜ ਲਾਹੇ।
ਆਇਉਂ ਤੇ ਬਸ ਤੁਰ ਵੀ ਚਲਿਉਂ
ਉਮਰਾਂ ਦੇ ਇਹ ਨੈਣ ਪਿਆਸੇ
ਦੋ ਘੜੀਆਂ ਦਾ ਮੇਲ ਵੇ ਸੱਜਣਾਂ
ਦਸ ਕਿੰਝ ਪਿਆਸ ਬੁਝਾਏ।
ਤਾਂਘਾਂ ਅਤੇ ਉਡੀਕਾਂ ਦੇ ਵਿਚ
ਛਿੱਜ ਗਈ ਜੀਵਨ ਗੱਠੜੀ
ਪਾ ਤਰਲਾ ਕਿਰਦੇ ਸਾਹਾਂ 'ਚੋਂ
ਇਹ ਦੋ ਸਾਹ ਅਟਕਾਏ।
ਤੂੰ ਮਿਲਿਉਂ ਤੇ ਮਿਲਿਆ ਸਾਨੂੰ
ਜੀਵਨ ਰਾਸ ਖ਼ਜ਼ਾਨਾ
ਬੈਠ ਸੱਜਣ ਜੀ ਰਾਖੀ ਇਸਦੀ
ਮਤਾਂ ਕੋਈ ਲੁੱਟ ਲੈ ਜਾਏ।

♦

ਵਰਿਆਂ ਪਿਛੋਂ ਮੀਤ ਅਸਾਡਾ
ਅੱਜ ਸਾਡੇ ਘਰ ਆਇਆ
ਰੋਸ ਉਲਾਂਭੇ ਸਾਰੇ ਲਹਿ ਗਏ।
ਰਤਾ ਕੁ ਜਦ ਮੁਸਕਾਇਆ।
ਭਿੰਨੜੇ ਭਿੰਨੜੇ ਬੋਲਾਂ ਦੀ ਉਸ
ਡਾਢੀ ਛਹਿਬਰ ਲਾਈ,
ਸਾਡੇ ਤਾਂ ਪਰ ਦੋ ਹੀ ਹੰਝੂਆਂ
ਦਿਲ ਦਾ ਹਾਲ ਸੁਣਾਇਆ।
ਭਰ ਚੁੱਲ੍ਹੀਆਂ ਅਸਾਂ ਨੈਣਾਂ ਰਾਹੀਂ
ਰੂਪ ਸੱਜਣ ਦਾ ਪੀਤਾ,
ਪਰ ਸੱਜਣਾਂ ਦਾ ਰੂਪ ਤਾਂ ਦਿੱਸਦਾ
ਹੋਰ ਵੀ ਦੂਣ ਸਵਾਇਆ।
ਅੱਜ ਸਾਡੇ ਬੁੱਸਿਆਂ ਅੰਗਾਂ 'ਚੋਂ
ਮਹਿਕ ਅਸਾਂ ਨੂੰ ਆਈ,
ਛੁਹ ਸੱਜਣਾ ਦੀ ਨੇ ਸਾਨੂੰ
ਕੁਝ ਹੋਰ ਦਾ ਹੋਰ ਬਣਾਇਆ।
ਠੰਡੜੀ ਮਿੱਠੜੀ ਭੂਰ ਵਸਲ ਦੀ
ਮੌਲੀ ਦਿਲ ਫੁਲਵਾੜੀ,
ਰੀਝ ਦੀਆਂ ਕਲੀਆਂ ਮੁਸਕਾਈਆਂ
ਖੁਸ਼ੀਆਂ ਝੁਮਰ ਪਾਇਆ।

♦

ਬਹੁਤ ਛੁਪਾਇਆ ਪਰ ਨਾ ਛਿਪਿਆ
ਪਿਆਰ ਮੇਰਾ ਕਸਤੂਰੀ ਵਾਂਗੂੰ
ਖਿੰਡੀ ਇਹਦੀ ਖੁਸ਼ਬੋ
ਮਹਿਕ ਇਹਦੀ ਨੇ ਬੌਰੀ ਕੀਤਾ
ਮਸਤੀ ਵਿਚ ਜਦ ਝੂਮਣ ਲੱਗੀ
ਹੋ ਗਈ ਸਭ ਨੂੰ ਸੋਅ।
ਜਰ ਨਾ ਸਕੇ ਕੋਲਾ ਹੋ ਗਏ
ਰਲ ਮਿਲ ਸਾਰੇ ਖੋਹਣਾ ਚਾਹੁੰਦੇ
ਕੈਦੋ ਚੰਦਰੇ ਹੋ।
ਪਿਆਰ ਮੇਰੇ ਲੂੰ ਲੂੰ ਵਿਚ ਰਚਿਆ
ਮੈਂ ਤੇ ਸਾਜਨ ਇਕ ਹੀ ਬਣ ਗਏ
ਇਹ ਕੀ ਜਾਨਣ ਉਹ।
ਚੰਨ ਜਿੰਦੜੀ ਰਾਤਾਂ ਨੂੰ ਸਾਡੀ
ਰਿਸ਼ਮਾਂ ਵਾਲ ਖਿਲਾਰੀ ਜਾਵੇ
ਲੈ ਕੇ ਪਿਆਰ ਦੀ ਲੋਅ।
ਵਿਸ ਨਾਗਾਂ ਦੀ ਸਾਰੀ ਲਹਿ ਗਈ
ਪਿਆਰ ਦੇ ਚੰਦਨ ਝੂਲੇ ਉੱਤੇ
ਝੂਟੇ ਲਏ ਜਦ ਦੋ।
ਨੂਰੋ ਨੂਰੋ ਹੋਇਆ ਦਿਲ ਵਿਹੜਾ
ਹੁਣ ਇਹ ਪਿਆਰ ਅਮੋਲਕ ਹੀਰਾ
ਸਾਹਾਂ 'ਚ ਲਿਆ ਪਰੋ।
ਬਹੁਤ ਛੁਪਾਇਆ, ਪਰ ਨਾ ਛਿਪਿਆ
ਪਿਆਰ ਮੇਰਾ ਕਸਤੂਰੀ ਵਾਂਗੂੰ
ਖਿੰਡੀ ਇਹਦੀ ਖੁਸ਼ਬੋ।

♦

ਤੂੰ ਕਿਸੇ ਬਹਾਨੇ ਆ ਦਿਲੇ ਦੀਏ ਮਹਿਰਮੇਂ।
ਜਿੰਦ ਪਲ ਪਲ ਵੇਖੇ ਰਾਹ ਦਿਲੇ ਦੀਏ ਮਹਿਰਮੇਂ।

ਸਾਨੂੰ ਬਿਰਹੋਂ ਰਿਹਾ ਜਲਾ ਦਿਲੇ ਦੀਏ ਮਹਿਰਮੇਂ
ਵਰ੍ਹ ਬਣ ਘਨਘੋਰ ਘਟਾ ਦਿਲੇ ਦੀਏ ਮਹਿਰਮੇਂ।

ਸਾਡੇ ਕਿਰਦੇ ਜਾਂਦੇ ਸਾਹ ਦਿਲੇ ਦੀਏ ਮਹਿਰਮੇਂ
ਸਾਡੀ ਚੱਲੀ ਔਧ ਵਿਹਾ ਦਿਲੇ ਦੀਏ ਮਹਿਰਮੇਂ।

ਗਿਆ ਘੁੱਪ ਹਨੇਰਾ ਛਾ ਦਿਲੇ ਦੀਏ ਮਹਿਰਮੇਂ
ਤੂੰ ਚੰਨ ਮੁਖੜਾ ਦਿਖਲਾ ਦਿਲੇ ਦੀਏ ਮਹਿਰਮੇਂ।

ਸਾਨੂੰ ਏਨਾ ਨਾਂਹ ਤੜਪਾ ਦਿਲੇ ਦੀਏ ਮਹਿਰਮੇਂ
ਸਾਡੀ ਰੂਹ ਦੀ ਪਿਆਸ ਬੁਝਾ ਦਿਲੇ ਦੀਏ ਮਹਿਰਮੇਂ।

ਸਾਡੇ ਜ਼ਖ਼ਮੀ ਹੋਏ ਚਾਅ ਦਿਲੇ ਦੀਏ ਮਹਿਰਮੇਂ
ਸਾਡੀ ਚੱਲੀ ਰੂਹ ਕੁਮਲਾ ਦਿਲੇ ਦੀਏ ਮਹਿਰਮੇਂ।

ਤੂੰ ਖੁਸ਼ਬੂ ਵੇਸ ਵਟਾ ਦਿਲੇ ਦੀਏ ਮਹਿਰਮੇਂ
ਸਾਡੇ ਸਾਹਾਂ ਵਿਚ ਰਚ ਜਾ ਦਿਲੇ ਦੀਏ ਮਹਿਰਮੇਂ।

ਤੂੰ ਬਣ ਕੇ ਨੂਰ ਸ਼ੁਆ ਦਿਲੇ ਦੀਏ ਮਹਿਰਮੇਂ
ਹੁਣ ਕਦੀ ਤਾਂ ਫੇਰਾ ਪਾ ਦਿਲੇ ਦੀਏ ਮਹਿਰਮੇਂ।

ਤੂੰ ਕਿਸੇ ਬਹਾਨੇ ਆ ਦਿਲੇ ਦੀਏ ਮਹਿਰਮੇਂ
ਹੁਣ ਦੇਰ ਰਤਾ ਨਾਂਹ ਲਾ ਦਿਲੇ ਦੀਏ ਮਹਿਰਮੇਂ।

ਤੇਰੇ ਸੀਨੇ ਛਲਕੇ ਪਿਆਰ ਕੁੜੇ,
ਪਰ ਹੋਠਾਂ 'ਤੇ ਇਨਕਾਰ ਕੁੜੇ।
ਕਿੰਝ ਆਪਣੇ ਬੋਲ ਪੁਗਾਵਾਂ ਨੀ
ਕਿੰਝ ਸਾਂਝ ਸਦੀਵੀ ਪਾਵਾਂ ਨੀ।

ਮੈਂ ਹਰ ਦਮ ਤੈਨੂੰ ਲੋਚਾਂ ਨੀ,
ਤੂੰ ਮੱਲੀਆਂ ਮੇਰੀਆਂ ਸੋਚਾਂ ਨੀ।
ਜੇ ਬੈਠੇਂ ਦੋ ਪਲ ਪਾਸ ਮੇਰੇ
ਮੈਂ ਦਿਲ ਦਾ ਹਾਲ ਸੁਣਾਵਾਂ ਨੀ।

ਤੇਰੇ ਬਾਤਾਂ ਪਾਉਂਦੇ ਨੈਣ ਕੁੜੇ
ਨਾ ਆਵੇ ਤੁਧ ਬਿਨ ਚੈਨ ਕੁੜੇ।
ਤੇਰੇ ਮੋਹ ਨੇ ਰੂਹ ਨਸ਼ਿਆਈ ਹੈ
ਮੈਂ ਕਿੱਦਾਂ ਇਸ਼ਕ ਛੁਪਾਵਾਂ ਨੀ।

ਜਦ ਚੱਲੇ ਬਿਰਹੋਂ ਨੇਰ੍ਹੀ ਨੀ,
ਮੈਂ ਕਰਾਂ ਇਬਾਦਤ ਤੇਰੀ ਨੀ।
ਨਾ ਤੇਰੇ ਬਿਨ ਹੁਣ ਜੀ ਹੋਵੇ
ਇਹ ਤੈਨੂੰ ਕਿੰਝ ਸਮਝਾਵਾਂ ਨੀ

ਕਰ ਸੁਪਨੇ ਚਕਨਾ-ਚੂਰ ਕੁੜੇ
ਤੂੰ ਛੱਡ ਕੇ ਤੁਰ ਗਈ ਦੂਰ ਕੁੜੇ।
ਮੈਨੂੰ ਬਿਨਾਂ ਕਸੂਰੋਂ ਦਿੱਤੀਆਂ ਕਿਉਂ
ਤੂੰ ਏਨੀਆਂ ਸਖ਼ਤ ਸਜ਼ਾਵਾਂ ਨੀ।

ਤੂੰ ਖੁਸ਼ਬੂ ਚਾਨਣ ਬਣ ਕੇ ਆ
ਤੂੰ ਰੂਹ ਦੀ ਹਾਨਣ ਬਣ ਕੇ ਆ।
ਮੈਂ ਬੈਠਾਂ ਕਰਾਂ ਉਡੀਕ ਤੇਰੀ
ਹੁਣ ਢਲ ਚੱਲੀਆਂ ਨੇ ਛਾਵਾਂ ਨੀ।

♦

ਸੱਜਣਾਂ ਵੇ! ਦਸ ਤੁੱਧ ਬਿਨ ਸਾਨੂੰ ਕੌਣ ਦਵੇ ਦਿਲਬਰੀਆਂ
ਦਿਲ ਬਿਰਹੋਂ ਨੇ ਛਲਣੀ ਕੀਤਾ ਅੱਖੀਆਂ ਹੰਝੂਆਂ ਭਰੀਆਂ

ਸੱਜਣਾਂ ਵੇ! ਇਹ ਜਿੰਦ ਪ੍ਰਾਹੁਣੀ ਇਸ ਦਾ ਕੀ ਭਰਵਾਸਾ
ਕਦੀ ਤਾਂ ਸਾਡੀਆਂ ਆਸਾਂ ਦਾ ਤੂੰ ਭਰ ਦੇ ਹੱਸ ਕੇ ਕਾਸਾ

ਸੱਜਣਾਂ ਵੇ ! ਇਹ ਰੁੱਤ ਬਸੰਤੀ ਮੇਟ ਚਿਰਾਂ ਦੀ ਦੂਰੀ
ਕਰਦੇ ਵੇ, ਸਾਡੀ ਕਰਦੇ ਅੜਿਆ ਰੀਝ ਵਸਲ ਦੀ ਪੂਰੀ

ਸੱਜਣਾਂ ਵੇ ! ਜਦ ਚੰਨ ਪੁੰਨਿਆਂ ਦਾ ਰਿਸ਼ਮਾਂ ਸਭ ਨੂੰ ਵੰਡੇ
ਤੇਰਾ ਬਿਰਹਾ ਰੂਹ ਸਾਡੀ ਨੂੰ ਹੋਰ ਵੀ ਚੋਭੇ ਕੰਡੇ

ਸੱਜਣਾਂ ਵੇ ! ਜਦ ਸਰਘੀ ਵੇਲੇ ਪੌਣ ਪੁਰੇ ਦੀ ਚੱਲੇ
ਪੀੜ ਉਨੀਂਦਾ ਗ਼ਮ ਤੇ ਹੰਝੂ ਪੈਂਦੇ ਸਾਡੇ ਪੱਲੇ

ਸੱਜਣਾਂ ਵੇ ! ਹੁਣ ਸਿਖਰ ਦੁਪਹਿਰੇ ਫੁੱਲ ਨੇ ਸੜਦੇ ਜਾਂਦੇ
ਜੋਬਨ ਰੁੱਤੇ ਸੁਪਨੇ ਜ਼ਖ਼ਮੀਂ ਅੰਗ ਜਾਵਣ ਕੁਮਲਾਂਦੇ

ਸੱਜਣਾਂ ਵੇ ! ਜੇ ਪਿੱਛੋਂ ਆਇਉਂ ਅਸਾਂ ਨੇ ਉਹ ਕੀ ਕਰਨਾਂ
ਸਾਡੇ ਕਿਹੜੇ ਕੰਮ ਆਵੇਗਾ ਮੜ੍ਹੀ 'ਤੇ ਦੀਵਾ ਧਰਨਾ।